
**Posting Date**
**1 ਜੂਨ 2016**

# ਅੰਮ੍ਰਿਤ ਕੀਰਤਨ

## ਜੂਨ 2016




ਟਾਇਟਲ ਚਿੱਤਰ– ਗੁਰਦੀਪ ਸਿੰਘ ਦੀਪ

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/–

# ਐਤਵਾਰ

ਐਤਵਾਰ ਚੜ੍ਹਿਆ ਪਰ ਕੀ ਆਖਾਂ,
ਅਸੀਂ ਕਿਧਰ ਦੇ ਕਿਧਰ ਨੂੰ ਜਾ ਰਹੇ ਹਾਂ ।
ਜਿਸ ਰੱਬ ਨੇ ਖਾਣ ਤੇ ਪੀਣ ਦਿੱਤਾ,
ਉਸ ਰੱਬ ਨੂੰ ਕਾਹਨੂੰ ਭੁਲਾ ਰਹੇ ਹਾਂ।
ਮਾਲ ਦੌਲਤ ਤੇ ਸਿਹਤ ਇਕਬਾਲ ਦਿੱਤਾ,
ਆਣ ਜਾਣ ਨੂੰ ਮੋਟਰਾਂ ਤੇ ਜਾ ਰਹੇ ਹਾਂ।
ਰਹਿਣ ਕੋਠੀਆਂ ਅਤੇ ਮਕਾਨ ਦਿੱਤੇ,
ਕੰਮਕਾਰ ਲਈ ਫੈਕਟਰੀਆਂ ਚਲਾ ਰਹੇ ਹਾਂ।
ਹੁਣ ਚਾਹੀਦਾ ਰੱਬ ਨੂੰ ਯਾਦ ਕਰੀਏ,
ਗ਼ਾਫ਼ਿਲ ਹੋ ਕੇ ਸਮਾਂ ਗਵਾ ਰਹੇ ਹਾਂ।
ਸੁਬਾਹ ਉਠ ਕੇ ਸੋਚ ਇਸ਼ਨਾਨ ਮਗਰੋਂ,
ਸਮਝੋ ਬਾਣੀ ਵਿਚ ਚਿੱਤ ਲਗਾ ਰਹੇ ਹਾਂ।
ਰੋਜ਼ ਜਾਣਾ ਗੁਰੂਦੁਆਰੇ ਨੂੰ ਮੁੱਖ ਰੱਖੋ,
ਦਰਸ਼ਨ ਬਾਬੇ ਦੇ ਸਨਮੁੱਖ ਪਾ ਰਹੇ ਹਾਂ।
ਆਪਣੇ ਵਕਤ ਦੀ ਯੋਗ ਵੰਡ ਕਰ ਲਉ,
ਹਿੱਸਾ ਰੱਬ ਦਾ ਕੱਢ ਕਢਾ ਰਹੇ ਹਾਂ।
ਸੁਬਾਹ ਸ਼ਾਮ ਤੇ ਰਾਤ ਕੁਝ ਵਕਤ ਕੱਢ ਕੇ,
ਯਾਦ ਪ੍ਰਭੂ ਦੀ ਮਨ ਵਸਾ ਰਹੇ ਹਾਂ।
ਗੁਰਦੁਆਰੇ ਜਾਣ ਦਾ ਨਿਤ ਅਭਿਆਸ ਕਰ ਲਉ,
ਇਹ ਸਮਝ ਲਉ ਕੁੱਝ ਕਮਾ ਰਹੇ ਹਾਂ।
ਪਿਆਰੇ ਰਬ ਨੇ ਮਿਹਰ ਕਰ ਯੋਗ ਕੀਤਾ,
ਖਾਣ ਪੀਣ ਤੇ ਵਸਤਰ ਹੰਢਾ ਰਹੇ ਹਾਂ।
ਸਮਾਂ ਸੈਰ ਸਪਾਟੇ ਲਈ ਸਦਾ ਕੱਢੋ,
ਕਦੇ ਮਿੱਤਰਾਂ ਸਬੰਧੀਆਂ ਵਲ ਜਾ ਰਹੇ ਹਾਂ ।
ਖਾਣ ਪੀਣ ਤੇ ਸਿਹਤ ਦਾ ਖ਼ਿਆਲ ਰਖੋ,
ਕੰਮ-ਕਾਰ ਲਈ ਸਮਾਂ ਨਿਭਾ ਰਹੇ ਹਾਂ।
ਹੁਣ ਤਾਂ ਧੱਨ ਤੇ ਸਿਹਤ ਸੰਭਾਲ ਰਖੀਏ,
ਮੂਰਖ ਬਣਨ ਲਈ ਕੀਰਨੇ ਪਾ ਰਹੇ ਹਾਂ।
ਸਮਾਂ ਬਹੁਤ ਹੈ ਝੱਖੜ ਹਨੇਰੀਆਂ ਦਾ,
ਨਾਲ ਹੋਸ਼ਿਆਰੀ ਦੇ ਇਹ ਲੰਘਾ ਰਹੇ ਹਾਂ
ਸੰਤੋਖ ਬੰਦਾ ਸੰਸਾਰ ਵਿਚ ਇਵੇਂ ਬੈਠੇ,
ਰੱਬ ਆਸਰੇ ਸਮਾਂ ਲੰਘਾ ਰਹੇ ਹਾਂ।



**ਪੁਸਤਕ -ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ

ਸੰਪਾਦਕ (ਆਨਰੇਰੀ)

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ

ਸਹਿਯੋਗੀ

**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

ਆਨਰੇਰੀ ਸਲਾਹਕਾਰ

**ਸ: ਹਰਚੰਦਨ ਸਿੰਘ**


- ▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- ▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

**ਚੰਦੇ ਦਾ ਵੇਰਵਾ**

- ▲ ਦੇਸ਼: ਇਕ ਕਾਪੀ 15 ਰੁ., ਦੇਸ਼ ਸਾਲਾਨਾ ਡਾਕ ਰਾਹੀਂ 150 ਰੁ., ਜੀਵਨ ਮੈਂਬਰ 1500 ਰੁ.
- ▲ ਵਿਦੇਸ਼: ਸਲਾਨਾ 30 £, ਜੀਵਨ ਮੈਂਬਰ 300 £
- ▲ 'ਅੰਮ੍ਰਿਤ ਕੀਰਤਨ' ਲਈ ਡਰਾਫਟ

ਮਾਇਕ ਸਹਾਇਤਾ, ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ


ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630

e-mail: drjagirsingh@gmail.com
Website : www.amritkirtan.com, www.gurshabad.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਸ਼ੋਅਰੂਮ ਨੰ: 443, ਮਟੌਰ, ਸੈਕਟਰ 70, ਮੁਹਾਲੀ ਫੋਨ : 0172-2216283, 98150-72197ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।


## ਇਸ ਅੰਕ ਵਿਚ


ਕਰਉ ਬੇਨੰਤੀਆ : 4
ਸੁੱਘੜ ਤਬਲਾ ਵਾਦਕ, ਡਾ. ਪਰਮਜੀਤ ਸਿੰਘ

ਗੁਰਮਤਿ ਸੰਗੀਤ ਦੀ ਕੀਰਤਨ ਚੌਕੀ ਪਰੰਪਰਾ 6
ਡਾ. ਕੰਵਲਜੀਤ ਸਿੰਘ

ਗੁਰੂ ਅਮਰਦਾਸ ਜੀ ਦੀ ਬਾਣੀ ਵਿਚ 18
ਇੰਦਰਿਆਵੀ ਬਿੰਬ, ਡਾ. ਜਸਕਿਰਨ ਕੌਰ

ਸੁਰ ਲਿਪੀ : ਰਾਗ ਸੋਰਿਠ 22
ਨਰਿੰਦਰਜੀਤ ਕੌਰ


### ਵਿਸ਼ੇਸ਼ ਸੂਚਨਾ

ਅੰਮ੍ਰਿਤ ਕੀਰਤਨ ਇਕ ਵਿਸ਼ੇਸ਼ ਪ੍ਰਕਾਰ ਦਾ ਮਾਸਿਕ ਪੱਤਰ ਹੈ। ਜੇ ਇਹ ਤੁਹਾਨੂੰ ਨਹੀਂ ਚਾਹੀਦਾ ਤਾਂ ਤੁਸੀਂ ਐਡਰੈੱਸ ਰੈਪਰ (ਕਵਰ ਪੇਪਰ) 'ਤੇ ਵਾਪਿਸ ਜਾਵੇ ਜਾਂ Return ਲਿਖ ਕੇ ਪੋਸਟ ਬਾਕਸ ਵਿਚ ਪਾ ਦਿਉ ਤਾਂ ਜੋ ਅੱਗੇ ਤੋਂ ਤੁਹਾਨੂੰ ਮੈਗਜ਼ੀਨ ਬੰਦ ਕਰ ਦਿੱਤਾ ਜਾਵੇ ਜਾਂ 9814053630 'ਤੇ ਸੂਚਿਤ ਕਰੋ ਜੀ।

### ਮਾਇਕ ਸਹਾਇਤਾ ਭੇਜਣ ਦੀ ਕਿਰਪਾ ਕਰੋ ਜੀ

ਚੈੱਕ ਜਾਂ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of Patiala ਵਿਚ Amrit Kirtan Trust A/c 65079603302, IFSC:STBP0000240 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਨਾਮ ਅਤੇ ਐਡਰੈੱਸ ਜ਼ਰੂਰ ਸੂਚਿਤ ਕਰੋ ਜੀ ਤਾਂ ਜੋ ਅਸੀਂ ਰਸੀਦ ਕੱਟ ਸਕੀਏ।

Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012 now valid in perpetuity.

# ਕਰਉ ਬੇਨੰਤੀਆ

## ਸੁੱਘੜ ਤਬਲਾ ਵਾਦਕ - ਡਾ. ਪਰਮਜੀਤ ਸਿੰਘ



ਆਪਣੇ ਕੀਰਤਨ ਦੀ ਇਕ ਪੁਰਾਣੀ ਰਿਕਾਰਡਿੰਗ ਸੁਣ ਰਿਹਾ ਸਾਂ । ਇਹ ਕੀਰਤਨ ਮੈਂ ਕਈ ਵਾਰ ਸੁਣਦਾ ਹਾਂ ਅਤੇ ਮੈਨੂੰ ਇਹ ਕੀਰਤਨ ਸੁਣ ਕੇ ਇਕ ਅਦੁੱਤੀ ਅਨੰਦ ਆਉਂਦਾ ਹੈ। ਆਪਣਾ ਕੀਰਤਨ ਆਪੇ ਸੁਣ ਕੇ ਅਨੰਦ ਲੈਣਾ ਕੁਝ ਆਪਣੇ ਮੂੰਹੋਂ ਮੀਆਂ ਮਿਠੂ ਬਣਨ ਵਾਲੀ ਗੱਲ ਹੈ। ਪਰ ਹੁਣ ਜਦੋਂ ਇਹ ਕੀਰਤਨ ਸੁਣਦਾ ਹਾਂ ਇਸ ਲਈ ਨਹੀਂ ਕਿ ਇਹ ਮੇਰਾ ਕੀਰਤਨ ਹੈ ਸਗੋਂ ਮੈਂ ਇਸ ਦਾ ਵਿਸ਼ਲੇਸ਼ਣ ਕਰਨਾ ਚਾਹੁੰਦਾ ਹਾਂ ਕਿ ਇਸ ਵਿੱਚ ਕਿਹੜੇ ਤੱਤ ਹਨ ਜਿਹਨਾਂ ਕਰਕੇ ਇਹ ਚੰਗਾ ਲੱਗਦਾ ਹੈ।

ਇਹ ਕੀਰਤਨ ਸੰਨ 2000 ਦਸੰਬਰ ਇਕੱਤੀ ਦੀ ਰਾਤ ਨੂੰ ਕੀਤਾ ਸੀ। ਦਿੱਲੀ ਪਟੇਲ ਨਗਰ ਵਿਖੇ ਇਸ ਸਾਲ ਦਾ ਆਖਰੀ ਕੀਰਤਨ ਰਾਤ ਤੇ ਸਾਢੇ ਗਿਆਰਾਂ ਵਜੇ ਸ਼ੁਰੂ ਕੀਤਾ। ਪਹਿਲਾ ਸ਼ਬਦ- ਮੇਰੇ ਪ੍ਰੀਤਮਾ ਹਉ ਜੀਵਾਂ ਨਾਮ ਧਿਆਇ , ਦੂਜਾ ਸ਼ਬਦ- ਕਰ ਕਿਰਪਾ ਮੇਲਹੁ ਰਾਮ ਅਤੇ ਤੀਜਾ ਸ਼ਬਦ- ਹਾਲ ਮੁਰੀਦਾ ਦਾ ਕਹਿਣਾ।ਇਹਨਾਂ ਤਿੰਨਾਂ ਸ਼ਬਦਾਂ ਦੇ ਗਾਇਨ ਵਿੱਚ ਹੀ ਇੱਕ ਅਲੌਕਿਕ ਆਨੰਦ ਹੈ।ਅਤੇ ਇਹ ਸ਼ਾਇਦ ਮੇਰੇ ਲਈ ਹੀ ਹੈ।ਜ਼ਰੂਰੀ ਨਹੀਂ ਕਿ ਤੁਹਾਨੂੰ ਵੀ ਇਤਨਾ ਹੀ ਆਨੰਦ ਆਵੇ। ਸਾਰੇ ਸ਼ਬਦ ਹੀ ਕਹਿਰਵਾ ਤਾਲ ਵਿੱਚ ਹਨ। ਪਰ ਇਹ ਕਹਿਰਵਾ ਅਜੋਕੇ ਬਹੁਤੇ ਕੀਰਤਨੀਆਂ ਨਾਲ ਵੱਜਦੇ ਕਹਿਰਵੇ ਵਰਗਾ ਨਹੀ, ਸਗੋਂ ਇਹ ਵੱਖਰੀ ਤਰਾਂ ਦਾ ਹੈ ਅਤੇ ਇਸ ਨੂੰ ਹਰ ਤਬਲੇ ਵਾਲਾ ਵਜਾ ਵੀ ਨਹੀਂ ਸਕਦਾ।ਇਸੇ ਲਈ ਮੈਨੂੰ ਜਾਪਦਾ ਹੈ ਕਿ ਇਸ ਕੀਰਤਨ ਨੂੰ ਰਸੀਲਾ ਬਣਾਉਣ ਵਿੱਚ ਪਰਮਜੀਤ ਸਿੰਘ ਦੇ ਤਬਲੇ ਦਾ ਬਹੁਤ ਵੱਡਾ ਹੱਥ ਹੈ। ਪਰ ਇਹ ਗੱਲ ਮੇਰੀ ਉਂਦੋ ਸਮਝ ਆਈ ਜਦੋਂ ਮੈਂ ਇਸ ਕੀਰਤਨ ਨੂੰ ਇਕ ਵਧੀਆ ਆਡੀਓ ਸਿਸਟਮ ਤੇ ਸੁਣਿਆ। ਇਸ ਵਿੱਚ ਪਰਮਜੀਤ ਸਿੰਘ ਦੇ ਵਜਾਏ ਤਬਲੇ ਦੇ ਸੱਜੇ ਅਤੇ ਖੱਬੇ ਹੱਥ ਦੇ ਬੋਲਾਂ ਨੂੰ ਸਪਸ਼ਟ ਸੁਣਿਆ ਜਾ ਸਕਦਾ ਹੈ। ਪਰਮਜੀਤ ਸਿੰਘ ਅਤੇ ਜਸਪਾਲ ਸਿੰਘ ਦੋਹਾਂ ਭਰਾਵਾਂ ਨੇ ਮੇਰੇ ਨਾਲ 17-18 ਸਾਲ ਕੀਰਤਨ ਕੀਤਾ ਹੈ। ਮੈਂ ਸਮਝਦਾ ਹਾਂ ਕਿ ਉਹਨਾਂ ਦੋਹਾਂ ਨੇ ਮੇਰੇ ਕੀਰਤਨ ਦੀ ਰਮਜ਼ ਨੂੰ ਜਿਵੇਂ ਆਤਮਸਾਤ ਕੀਤਾ ਹੋਇਆ ਹੈ। ਪਰਮਜੀਤ ਸਿੰਘ ਮੇਰੇ ਕੀਰਤਨ ਦੀ ਰੀਤ ਅਤੇ ਲੈਅ ਨੂੰ ਭਲੀ ਭਾਂਤ ਸਮਝਦਾ ਹੈ।

ਪਰਮਜੀਤ ਸਿੰਘ ਨੇ ਜੀਵਨ ਵਿੱਚ ਬੜੀ ਮਿਹਨਤ ਕੀਤੀ ਹੈ। ਉਹ ਅਤੇ ਉਸਦਾ ਸਾਰਾ ਪਰਿਵਾਰ ਹਿਸਾਰ ਤੋਂ ਚੰਡੀਗੜ੍ਹ ਆਇਆ ਸੀ। ਇਹ ਸਾਰਾ ਪਰਿਵਾਰ ਗੁਰਮੁਖ ਪਰਿਵਾਰ ਹੈ ਕੀਰਤਨ ਨਾਲ ਜੁੜਿਆ ਹੋਇਆ ਹੈ। ਉਸਦੇ ਪਿਤਾ ਜੀ ਸਰਕਾਰੀ ਨੌਕਰੀ ਵਿੱਚ ਸਨ ਪਰ ਕੀਰਤਨ ਕਰਦੇ ਸਨ। ਇਸੇ ਤਰ੍ਹਾਂ ਇਹ ਤਿੰਨੇ ਭਰਾਂ ਪਰਮਜੀਤ ਸਿੰਘ, ਜਸਪਾਲ ਸਿੰਘ ਅਤੇ ਅਮਰਜੀਤ ਸਿੰਘ ਕੀਰਤਨ ਕਰਦੇ ਰਹੇ ਹਨ। ਪਰਮਜੀਤ ਸਿੰਘ 1980-81 ਵਿੱਚ ਚੰਡੀਗੜ੍ਹ ਐਸ.ਡੀ.ਕਾਲਜ ਵਿੱਚ ਬਤੌਰ ਤਬਲਾ ਵਾਦਕ ਦੀ ਨੌਕਰੀ ਤੇ ਲੱਗ ਗਏ, ਤਬਲੇ ਵਿੱਚ ਐਮ.ਏ. ਕਰਨ ਉਪਰੰਤ ਪੰਜਾਬ ਯੂਨੀਵਰਸਿਟੀ ਦੇ ਸੰਗੀਤ ਵਿਭਾਗ ਵਿੱਚ ਬਤੌਰ ਤਬਲਾ ਵਾਦਕ ਲੱਗ ਗਏ। ਇਥੇ ਰਹਿੰਦਿਆਂ ਉਸ ਨੇ ਵੱਡੇ ਵੱਡੇ ਗੁਣੀਜਨਾਂ ਨਾਲ ਤਬਲਾ ਵਾਦਨ ਕੀਤਾ। ਇਥੇ ਹੀ ਉਸ ਨੇ ਤਬਲੇ ਵਿੱਚ ਪੀ.ਐਚ.ਡੀ ਕੀਤੀ। ਇਸ

ਦੇ ਨਾਲ ਨਾਲ ਮੇਰੇ ਨਾਲ ਤਬਲੇ ਤੇ ਸੰਗਤ ਵੀ ਕਰਦੇ ਰਹੇ। ਇਸ ਸਮੇਂ ਸਾਡੇ ਜਥੇ ਨੇ ਬੜਾ ਨਾਮਣਾ ਖੱਟਿਆ। ਅੱਜਕਲ ਪਰਮਜੀਤ ਸਿੰਘ ਆਪਣੇ ਮਿੱਤਰ ਭਾਈ ਤਜਿੰਦਰ ਸਿੰਘ ਸ਼ਿਮਲੇ ਵਾਲਿਆਂ ਨਾਲ ਤਬਲਾ ਵਜਾਉਣ ਦੇ ਨਾਲ ਨਾਲ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਗੁਰਮਤਿ ਸੰਗੀਤ ਵਿਭਾਗ ਵਿੱਚ ਵਿਦਿਆਰਥੀਆਂ ਨੂੰ ਤਬਲੇ ਦੀ ਸਿਖਲਾਈ ਦੇ ਰਹੇ ਹਨ। ਉਹਨਾਂ ਨੇ ਆਪਣੇ ਬੇਟੇ ਹਰਗੀਤ ਸਿੰਘ ਨੂੰ ਤਬਲੇ ਦੀ ਤਾਲੀਮ ਦਿੱਤੀ ਹੈ। ਉਹ ਅੱਜਕਲ ਬਹੁਤ ਵਧੀਆ ਤਬਲਾ ਵਜਾ ਰਿਹਾ ਹੈ।

ਮੈਂ ਇਹ ਪੁਰਾਣੀ ਰਿਕਾਰਡਿੰਗ ਸੁਣ ਰਿਹਾ ਹਾਂ। ਮੇਰੀਆਂ ਰੀਤਾਂ ਵਿੱਚ ਸ਼ੋਰ ਘੱਟ ਹੈ। ਇਹਨਾਂ ਵਿੱਚ ਸ਼ਬਦ ਦੇ ਭਾਵ ਨੂੰ ਸਪਸ਼ਟ ਕਰਨ ਵਾਲਾ ਸੰਗੀਤ ਹੈ। ਜਦੋਂ ਖਾਲੀ ਸਮੇਂ ਵਿੱਚ ਇੱਕਲਾ ਹਰਮੋਨੀਅਮ ਅਤੇ ਤਬਲਾ ਵਜਦਾ ਹੈ ਤਾਂ ਇੰਜ ਲਗਦਾ ਹੈ ਜਿਵੇਂ ਪਰਮਜੀਤ ਸਿੰਘ ਆਪਣੀ ਡੁੱਗੀ ਕੋਲੋਂ ਸ਼ਬਦ ਨੂੰ ਸਮਝਣ ਲਈ ਕੋਈ ਹੁੰਗਾਰੇ ਭਰਵਾ ਰਿਹਾ ਹੈ। ਪਰ ਇਸ ਦਾ ਅਰਥ ਇਹ ਨਹੀਂ ਪਰਮਜੀਤ ਸਿੰਘ ਕਲਾਸੀਕਲ ਸਮੇਂ ਤਬਲਾ ਵਜਾਉਣ ਵਿੱਚ ਕਿਸੇ ਗੱਲੋਂ ਘਟ ਹੈ। ਜਵੱਦੀ ਕਲਾਂ ਦੇ ਕੀਰਤਨ ਦਰਬਾਰਾਂ ਵਾਲੀ ਮੇਰੀ ਕੀਰਤਨ ਰਿਕਾਰਡਿੰਗ ਵਿੱਚ ਕਲਾਸੀਕਲ ਅੰਦਾਜ਼ ਵਿੱਚ ਗਾਏ ਸ਼ਬਦਾਂ ਵਿੱਚ ਬਹੁਤ ਸ਼ਾਨਦਾਰ ਤਬਲਾ ਵਜਾਇਆ ਹੈ। ਪਰਮਜੀਤ ਸਿੰਘ ਤੋਂ ਬਾਦ ਜਦੋਂ ਵੀ ਮੇਰੇ ਨਾਲ ਕੋਈ ਤਬਲੇ ਵਾਲਾ ਆਉਂਦਾ ਹੈ ਤਾਂ ਉਸ ਨੂੰ ਸੰਜਮ ਨਾਲ ਤਬਲਾ ਵਜਵਾਉਣ ਲਈ ਮੈਨੂੰ ਬਹੁਤ ਮਿਹਨਤ ਕਰਨੀ ਪੈਂਦੀ ਹੈ। ਉਸ ਨੂੰ ਲੈਅ ਦੀ ਝੋਲ ਹੀ ਸਮਝ ਨਹੀਂ ਆਓਦੀ। ਆਮ ਕਰਕੇ ਜਦੋਂ ਤੁਕ ਬੋਲ ਕੇ ਹਟਦਾ ਹਾਂ ਤਾਂ ਇਹ ਤਬਲਾ ਇੰਜ ਤਬਲਾ ਵਜਾਉਣ ਲੱਗਦਾ ਜਿਵੇਂ ਕਿ ਉਸ ਨੂੰ ਕੋਈ ਖੁੱਲੀ ਛੁੱਟੀ ਮਿਲ ਗਈ ਹੋਵੇ ਤੇ ਉਸਦਾ ਸ਼ਬਦ ਨਾਲ ਕੋਈ ਸੰਬੰਧ ਹੀ ਨਾ ਹੋਵੇ।

ਮੇਰੇ ਨਾਲ ਇੱਕ ਹੋਰ ਬਹੁਤ ਸਿਆਣੇ ਤਬਲਾ ਵਾਦਕ ਸਨ। ਜਦੋਂ ਉਹ ਤਬਲਾ ਵਜਾਉਂਦੇ ਤਾਂ ਲੰਬੇ ਅਰਸੇ ਵਾਲੀ ਤਿਹਾਈ ਮਾਰ ਕੇ ਉਹ ਮੇਰੇ ਵਾਲੇ ਵੱਲ ਸੰਗਤ ਵੱਲ ਇੰਜ ਵੇਖਦੇ ਜਿਵੇਂ ਕੋਈ ਬਹੁਤ ਵੱਡੀ ਮੱਲ ਮਾਰੀ ਹੋਵੇ ਜੇ ਕਿਤੇ ਸੰਗਤ ਵਿਚੋਂ ਉਹਨਾਂ ਵੱਲ ਵੇਖ ਕੇ ਵਾਹ ਕਰ ਦਿੰਦਾਂ ਜਾਂ ਸਿਰ ਹੀ ਹਿਲਾ ਦਿੰਦਾਂ ਤੇ ਫਿਰ ਤਾਂ ਉਹ ਬਹੁਤ ਹੀ ਮੱਛਰ ਜਾਂਦੇ ਤੇ ਅਗਲੇ ਸਾਰੇ ਕੀਰਤਨ ਦਾ ਜਿਵੇਂ ਨਾਸ ਮਾਰ ਦਿੰਦੇ।

ਖੈਰ ਪਰਮਜੀਤ ਸਿੰਘ ਮੇਰੇ ਕੀਰਤਨ ਦੀ ਗੰਭੀਰਤਾਂ ਅਤੇ ਗਹਿਰਾਈ ਨੂੰ ਸਮਝਦੇ ਹਨ। ਉਹ ਤਬਲਾ ਵਜਾਉਦਿਆਂ ਦਾਏਂ ਅਤੇ ਬਾਏਂ ਦਾ ਖਾਸ ਸੁਮੇਲ ਰੱਖਦੇ। ਤਿਹਾਈ ਨਾਮ ਮਾਤਰ ਪਰ ਢੁਕਵੀਂ। ਜਦੋਂ ਮੈਂ ਤੁਕ ਬੋਲ ਕੇ ਹਰਮੋਨੀਅਮ ਵਜਾਉਂਦਾ ਤਾਂ ਉਸ ਦੇ ਵੀ ਕੋਈ ਅਰਥ ਹੁੰਦੇ ਹਨ। ਇਹ ਵਿਸ਼ਲੇਸ਼ਣ ਹੋਰ ਬੜੇ ਵੇਰਵਿਆਂ ਦੀ ਮੰਗ ਕਰਦਾ ਹੈ।

ਇਹ ਲੇਖ ਲਿਖਣ ਤਾ ਮਨੋਰਥ ਤਾਂ ਪਰਮਜੀਤ ਸਿੰਘ ਦਾ ਧੰਨਵਾਦ ਕਰਨਾ ਹੈ। ਜਿਹਨਾਂ ਨਾਲ ਮੈਂ ਇਤਨਾ ਵਧੀਆ ਕੀਰਤਨ ਕੀਤਾ। ਭਜਹੁ ਗੋਬਿੰਦ, ਬਾਬੀਹਾ ਅੰਮ੍ਰਿਤ ਵੇਲੇ ਬੋਲਿਆ, ਪੂਤਾ ਮਾਤਾ ਕੀ ਆਸੀਸ, ਜਿਉ ਰਾਖਹਿ ਤਿਉ ਰਹੀਐ ਜਿਹੀਆਂ ਕੈਸਟਾਂ ਤਿਆਰ ਕੀਤੀਆਂ। ਇਸ ਵਧੀਆ ਕੀਰਤਨ ਵਿੱਚ ਪਰਮਜੀਤ ਸਿੰਘ ਅਤੇ ਇਹਨਾਂ ਵਡੇ ਭਰਾ ਜਸਪਾਲ ਸਿੰਘ ਦਾ ਵੱਡਾ ਹੱਥ ਹੈ। ਮੈਂ ਇਹਨਾਂ ਦਾ ਧੰਨਵਾਦ ਕਰਨ ਦੇ ਨਾਲ ਇਹਨਾਂ ਦੇ ਪਰਿਵਾਰਾਂ ਦੀ ਚੜ੍ਹਦੀ ਕਲਾ ਦੀ ਕਾਮਨਾ ਕਰਦਾ ਹਾਂ।

ਇਕ ਗੱਲ ਹੋਰ: ਤੁਹਾਡੀਆਂ ਅਸੀਸਾਂ ਸਦਕਾ ਅੰਮ੍ਰਿਤ ਕੀਰਤਨ ਦੇ 27 ਸਾਲ ਪੂਰੇ ਹੋ ਗਏ ਹਨ ਅਤੇ 28ਵਾਂ ਲੱਗ ਗਿਆ ਹੈ। ਇਹ ਜਵਾਨ ਹੋ ਗਿਆ ਹੈ ਤੇ ਮੈਂ.........।

ਭੁਲ ਚੁੱਕ ਖਿਮਾ।

# ਗੁਰਮਤਿ ਸੰਗੀਤ ਦੀ ਕੀਰਤਨ ਚੌਕੀ ਪਰੰਪਰਾ: ਇਤਿਹਾਸਕ ਵਿਕਾਸ

**ਡਾ. ਕੰਵਲਜੀਤ ਸਿੰਘ**

ਸ੍ਰੀ ਗੁਰੂਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ਸੰਗੀਤਕ ਸਿਰਲੇਖਾਂ ਅਤੇ ਸੰਕੇਤਾਂ ਨਾਲ ਵਿਉਂਤਬਧ ਕਰਕੇ, ਸਿੱਖ ਧਰਮ ਦੇ ਇਸ ਮਹਾਨ ਗ੍ਰੰਥ ਨੂੰ 'ਸ਼ਬਦ ਗੁਰੂ' ਦਾ ਦਰਜਾ ਪ੍ਰਦਾਨ ਕੀਤਾ ਗਿਆ ਹੈ। ਸ੍ਰੀ ਗੁਰੂਗ੍ਰੰਥ ਸਾਹਿਬ ਦੀ ਬਾਣੀ ਨੂੰ ਸੰਗੀਤਾਤਮਿਕ ਸਿਰਲੇਖਾਂ ਅਤੇ ਸੰਕੇਤਾਂ ਦੇ ਆਧਾਰ 'ਤੇ ਕੀਰਤਨ ਦੇ ਰੂਪ ਵਿਚ ਗਾਇਨ ਕਰਨਦੀ ਪਰੰਪਰਾ ਗੁਰੂਕਾਲ ਤੋਂ ਸਿੱਖੀ ਜੀਵਨ ਦਾ ਅਟੁਟ ਅੰਗ ਹੈ।

ਸ੍ਰੀ ਗੁਰੂਗ੍ਰੰਥ ਸਾਹਿਬ ਦੀ ਬਾਣੀ ਅਤੇ ਸੰਗੀਤਕ ਹਵਾਲਿਆਂ ਤੋਂ ਉਜਾਗਰ ਹੋਣ ਵਾਲੇ ਸੰਗੀਤ ਵਿਧਾਨ ਨੂੰ ਗੁਰਮਤਿ ਸੰਗੀਤ ਦੇ ਨਾਂ ਨਾਲ ਜਾਣਿਆਂ ਜਾਂਦਾ ਹੈ। ਸਿੱਖ ਧਰਮ ਦੇ ਸੰਸਥਾਪਕ ਗੁਰੂ ਨਾਨਕ ਦੇਵ ਜੀ ਦੁਆਰਾ ਬਿਨਾਂ ਕਿਸੇ ਭੇਦ ਭਾਵ ਤੋਂ ਸਮੁੱਚੇ ਜਗਤ ਲਈ ਬਾਣੀ ਉਚਾਰੀ। ਬਾਣੀ ਰਾਹੀਂ 'ਸਾਂਝੀ ਸਗਲ ਜਹਾਨੈ' ਦਾ ਸਿਧਾਂਤ ਅਪਣਾਇਆ। ਕਿਸੇ ਇਕ ਭਾਸ਼ਾ ਨੂੰ ਪ੍ਰਮਾਤਮਾ ਦੀ ਭਾਸ਼ਾ ਨਹੀਂ ਕਿਹਾ ਸਗੋਂ ਵੱਖ ਵੱਖ ਇਲਾਕਿਆਂ, ਧਰਮਾਂ ਅਤੇ ਪਰੰਪਰਾਵਾਂ ਦੁਆਰਾ ਵਰਤੀ ਜਾਣ ਵਾਲੀ ਭਾਸ਼ਾ, ਰਾਗ ਅਤੇ ਹੋਰ ਸੰਗੀਤਕ ਜੁਗਤਾਂ ਦਾ ਪ੍ਰਯੋਗ ਕੀਤਾ।

ਗੁਰੂਨਾਨਕ ਦੇਵ ਜੀ ਦੁਆਰਾ ਸਰਬ ਕਲਾ ਸਮਰੱਥ ਅਕਾਲ ਪੁਰਖ ਦੀ ਕੀਰਤੀ ਦਾ ਉਪਦੇਸ਼ ਦਿੱਤਾ ਗਿਆ। ਰਾਗ ਆਸਾ ਅਧੀਨ ਗੁਰੂਨਾਨਕ ਦੇਵ ਜੀ ਦਾ ਫੁਰਮਾਨ ਹੈ:

· ਬਾਬਾ ਜੈ ਘਰਿ ਕਰਤੇ ਕੀਰਿਤਿ ਹੋਇ।।

ਸੋ ਘਰੁ ਰਾਖੁ ਵਡਾਈ ਤੋਇ।।

ਗੁਰੂਨਾਨਕ ਦੇਵ ਜੀ ਨੇ ਗੁਰਮਤਿ ਦੇ ਪਰਚਾਰ ਲਈ ਕੀਤੀਆ ਗਈਆਂ ਉਦਾਸੀਆਂ ਦੇ ਦੌਰਾਨ ਕੀਰਤਨ ਰਾਹੀਂ ਉਪਦੇਸ਼ ਦਿੱਤਾ। ਗੁਰੂਨਾਨਕ ਦੇਵ ਜੀ ਦੁਆਰਾ ਕਰਤਾਪੁਰ (ਪਾਕਿਸਤਾਨ) ਵਿਖੇ ਸਿੱਖੀ ਦੇ ਪ੍ਰਥਮ ਕੇਂਦਰ ਦੀ ਸਥਾਪਨਾ ਕਰ ਕੇ ਸਿੱਖੀ ਦੇ ਪਰਚਾਰ ਲਈ ਸੰਸਥਾਗਤ ਯਤਨ ਆਰੰਭੇ। ਇਸ ਸਥਾਨ 'ਤੇ ਭਾਈ ਮਰਦਾਨਾ ਜੀ ਦਾ ਸਪੁੱਤਰ ਭਾਈ ਸ਼ਹਿਜ਼ਾਦਾ ਅਤੇ ਭਾਈ ਲਹਿਣਾ ਜੀ ਵੀ ਗੁਰੂਨਾਨਕ ਬਾਣੀ ਦੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕਰਦੇ ਰਹੇ।

ਇਥੇ ਰਹਿ ਕੇ ਗੁਰੂਨਾਨਕ ਦੇਵ ਜੀ ਨੇ ਨਾਮ ਸਿਮਰਨ ਅਤੇ ਕੀਰਤਨ ਨੂੰ ਨਿਤਕ੍ਰਿਆ ਦਾ ਸਥਾਈ ਹਿੱਸਾ ਬਣਾਇਆ। ਭਾਈ ਗੁਰਦਾਸ ਅਨੁਸਾਰ, ਸੋਦਰੁ ਅਤੇ ਆਰਤੀ ਦਾ ਗਾਇਨ ਅਤੇ ਅੰਮ੍ਰਿਤ ਵੇਲੇ ਜਪੁ ਜੀ ਸਾਹਿਬ ਦਾ ਪਾਠ ਕੀਤਾ ਜਾਂਦਾ ਸੀ।

· ਗਿਆਨੁ ਗੋਸਟਿ ਚਰਚਾ ਸਦਾ ਅਨਹਦਿ ਸਬਦਿ ਉਠੇ ਧੁਨਕਾਰਾ।

ਸੋਦਰੁ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪੁ ਉਚਾਰਾ।

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, ਇਸੇ ਸਥਾਨ 'ਤੇ ਭਾਈ ਲਹਿਣਾ ਜੀ (ਜੋ ਬਾਅਦ ਵਿੱਚ ਗੁਰੂਅੰਗਦ ਦੇਵ ਵਜੋਂ ਪ੍ਰਕਾਸ਼ਮਾਨ ਹੋਏ) ਨੇ ਗੁਰੂਨਾਨਕ ਦੇਵ ਜੀ ਦੇ ਆਦੇਸ਼ ਅਤੇ ਆਗਿਆ ਨਾਲ ਆਸਾ ਦੀ ਵਾਰ ਦਾ ਕੀਰਤਨ ਹਰ ਰੋਜ਼ ਸਵੇਰੇ ਅੰਮ੍ਰਿਤ ਵੇਲੇ ਕਰਨ ਦੀ ਰੀਤ ਤੋਰੀ।

ਸਿੱਖੀ ਦੇ ਪਰਚਾਰ ਲਈ ਧਰਮ ਸਥਾਨਾਂ ਦੀ ਸਥਾਪਤੀ ਅਤੇ ਰੋਜ਼ਾਨਾ ਸੰਗਤੀ ਰੂਪ ਵਿਚ ਕੀਰਤਨ ਦੀ ਮਰਿਆਦਾ ਗੁਰੂਨਾਨਕ ਦੇਵ ਜੀ ਸਮੇਂ ਆਰੰਭ ਹੋ ਗਈ ਸੀ। ਇਸ ਸਬੰਧੀ ਭਾਈ ਗੁਰਦਾਸ ਲਿਖਦੇ ਹਨ:

· ਘਰਿ ਘਰਿ ਬਾਬਾ ਗਾਵੀਐ ਵਜਨਿ ਤਾਲ ਮ੍ਰਿਦੰਗ ਰਬਾਬਾ।

ਭਗਤਿ ਵਛਲੁ ਹੋਇ ਆਇਆ ਪਤਿਤ ਉਧਾਰਣੁ ਅਜਬੁ ਅਜਾਬਾ।

ਸਿੱਖੀ ਦੇ ਪਰਚਾਰ ਲਈ ਗੁਰੂਅੰਗਦ ਦੇਵ ਜੀ ਨੇ ਖਡੂਰ ਸਾਹਿਬ, ਗੁਰੂਅਮਰਦਾਸ ਜੀ ਨੇ ਗੋਇੰਦਵਾਲ ਸਾਹਿਬ, ਗੁਰੂਰਾਮਦਾਸ ਜੀ ਨੇ ਅੰਮ੍ਰਿਤਸਰ, ਗੁਰੂਅਰਜਨ ਦੇਵ ਜੀ ਨੇ ਤਰਨਤਾਰਨ ਸਾਹਿਬ ਨੂੰ ਵਿਕਸਿਤ ਕੀਤਾ। ਗੁਰੂਹਰਿਗੋਬਿੰਦ ਸਾਹਿਬ ਕਰਤਾਰਪੁਰ (ਭਾਰਤੀ ਪੰਜਾਬ), ਗੁਰੂਗੋਬਿੰਦ ਸਿੰਘ ਦੁਆਰਾ ਕੀਰਤਪੁਰ ਸਾਹਿਬ,

ਆਨੰਦਪੁਰ ਸਾਹਿਬ, ਦਮਦਮਾ ਸਾਹਿਬ, ਪਾਉਂਟਾ ਸਾਹਿਬ, ਹਜ਼ੂਰ ਸਾਹਿਬ (ਨੰਦੇੜ) ਵਿਖੇ ਗੁਰੂਘਰਾਂ ਦੇ ਰੂਪ ਵਿਚ ਸਿੱਖੀ ਦੇ ਪਰਚਾਰ ਕੇਂਦਰ ਸਥਾਪਤ ਕੀਤੇ। ਇਨਾਂ ਸਥਾਨਾਂ 'ਤੇ ਕੀਰਤਨ ਨੂੰ ਦੈਨਿਕ ਮਰਿਆਦਾ ਦਾ ਪ੍ਰਮੁੱਖ ਅੰਗ ਬਣਾਇਆ। ਗੁਰ ਦਰਬਾਰ ਦਾ ਆਰੰਭ ਅਤੇ ਸਮਾਪਤੀ ਸ਼ਬਦ ਕੀਰਤਨ ਰਾਹੀਂ ਕੀਤੀ ਜਾਂਦੀ ਸੀ।

ਸਿੱਖ ਧਰਮ ਵਿਚ ਕੀਰਤਨ ਪ੍ਰਸਤੁਤੀ ਨੂੰ ਕੀਰਤਨ ਚੌਕੀ ਵਜੋਂ ਜਾਣਿਆਂ ਜਾਂਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, ਕੀਰਤਨ ਚੌਕੀ ਤੋਂ ਭਾਵ 'ਚਾਰ ਰਾਗੀਆਂ ਦੀ ਮੰਡਲੀ' 'ਗਾਵਤ ਚਉਕੀ ਸਬਦ ਪ੍ਰਕਾਸ' ਭਜਨ ਮੰਡਲੀ ਜੋ ਪਰਿਕਰਮਾ ਕਰਦੀ ਹੋਈ ਸ਼ਬਦ ਗਾਇਨ ਕਰੇ, ਉਸ ਵਾਸਤੇ ਵੀ ਚਉਕੀ/ਚੌਕੀ ਸ਼ਬਦ ਵਰਤਿਆ ਗਿਆ ਹੈ।

ਭਾਈ ਵੀਰ ਸਿੰਘ ਅਨੁਸਾਰ, ਗੁਰਮਤਿ ਸੰਗੀਤ ਵਿੱਚ ਕੀਰਤਨੀ ਜਥੇ ਨੂੰ ਚੌਕੀ ਕਹਿੰਦੇ ਹਨ, ਚੌਕੀ ਘੱਟ ਤੋਂ ਘੱਟ ਚੌਹਾਂ ਦੀ ਵਿਦਮਾਨ ਹੈ ਜੇਹਾ ਕਿ ਇਕ ਮਹੰਤ, ਦੋ ਸਾਥੀ ਸੁਰ ਰਚਾਉਣ ਵਾਲੇ, ਇਕ ਜੋੜੀ ਵਾਲਾ (ਪਕਾਉਜੀ), ਇਸ ਤੋਂ ਘੱਟ ਨਹੀਂ ਵਧੀਕ ਭਾਵੇਂ ਕਿਤਨੇ ਸਰੀਰ ਹੋਣ ਚੌਕੀ ਗਾਉਂ ਸਕਦੇ ਹਨ ਜੇਹਾ ਕੁ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਅੰਦਰ ਵਿਦਮਾਨ ਹੈ।

ਸਿੱਖ ਧਰਮ ਵਿਚ ਕੀਰਤਨ ਕਰਨ ਲਈ ਜਥੇ ਦੇ ਕੀਰਤਨੀਆਂ ਦੀ ਗਿਣਤੀ ਕਦੀ ਵੀ ਨਿਸ਼ਚਿਤ ਨਹੀਂ ਕੀਤੀ ਗਈ। ਵਰਤਮਾਨ ਸਮੇਂ ਬਹੁਤੇ ਕੀਰਤਨੀ ਜਥਿਆਂ ਵਿਚ ਰਾਗੀਆਂ ਦੀ ਗਿਣਤੀ ਤਿੰਨ ਰਹਿ ਗਈ ਹੈ। ਸ੍ਰੀ ਹਰਿਮੰਦਰ ਸਾਹਿਬ ਵਿਖੇ ਤੰਤੀ ਸਾਜ਼ ਵਾਦਕ ਦੀ ਨਿਯੁਕਤੀ ਨਾਲ ਇਹ ਗਿਣਤੀ ਮੁੜ ਤੋਂ ਚਾਰ ਹੋ ਰਹੀ ਹੈ। ਵਰਤਮਾਨ ਸਮੇਂ ਜਥੇ ਵਲੋਂ ਦਿੱਤੀ ਜਾਣ ਵਾਲੀ ਕੀਰਤਨ ਪ੍ਰਸਤੁਤੀ ਨੂੰ ਕੀਰਤਨ ਚੌਕੀ ਵਜੋਂ ਜਾਣਿਆਂ ਜਾਂਦਾ ਹੈ। ਚੌਕੀ ਨੂੰ ਸ਼ਬਦ ਕੀਰਤਨ ਚੌਕੀ, ਸ਼ਬਦ ਚੌਕੀ ਜਾਂ ਕੀਰਤਨ ਚੌਕੀ ਵਜੋਂ ਵੀ ਮਾਣਤਾ ਪ੍ਰਾਪਤ ਹੈ। ਇਸ ਲਈ ਵਰਤਮਾਨ ਗੁਰਮਤਿ ਸੰਗੀਤਾਚਾਰੀਆ ਕੀਰਤਨ ਚੌਕੀ ਵਿਚ ਪ੍ਰਯੋਗ ਕੀਤੇ ਜਾਣ ਵਾਲੇ ਚਾਰ ਅੰਗਾਂ ਤੋਂ ਚੌਕੀ ਦਾ ਭਾਵ ਲੈਂਦੇ ਹਨ, ਜਿਨ੍ਹਾਂ ਵਿੱਚ ਸ਼ਾਨ, ਮੰਗਲਾਚਰਣ, ਸ਼ਬਦ ਗਾਇਣ ਅਤੇ ਪਉੜੀ ਲਗਾਉਣਾ ਸ਼ਾਮਿਲ ਹੈ।

ਗੁਰੂਨਾਨਕ ਦੇਵ ਜੀ ਦੁਆਰਾ ਕਰਤਾਪੁਰ ਵਿਖੇ ਚਲਾਈ ਗਈ ਕੀਰਤਨ ਚੋਕੀ ਪਰੰਪਰਾ ਨੇ ਸਮੂਹ ਸਿੱਖ ਗੁਰੂਸਾਹਿਬਾਨ ਦੀ ਸਰਪ੍ਰਸਤੀ ਵਿੱਚ ਵੱਖ ਵੱਖ ਕੀਰਤਨ ਚੌਕੀਆਂ ਦੇ ਰੂਪ ਵਿਚ ਵਿਕਾਸ ਗ੍ਰਹਿਣ ਕੀਤਾ। ਸੰਗਤਾਂ ਦੇ ਪਰਵਾਹ ਦੇ ਨਾਲ ਨਾਲ ਕੀਰਤਨ ਚੌਕੀਆਂ ਦੀ ਗਿਣਤੀ ਵੱਧਦੀ ਗਈ। ਇਨ੍ਹਾਂ ਕੀਰਤਨ ਚੌਕੀਆਂ ਵਿਚ ਆਸਾ ਦੀ ਵਾਰ, ਚਰਨਕਮਲ, ਸੋਦਰੁ ਅਤੇ ਕੀਰਤਨ ਸੋਹਿਲੇ ਦੀ ਚੌਕੀ ਪ੍ਰਮੁੱਖ ਹਨ।

ਕੀਰਤਨ ਚੌਕੀਆਂ ਦੇ ਕੀਰਤਨਕਾਰਾਂ ਵਲੋਂ ਪ੍ਰਯੋਗ ਹੋਣ ਵਾਲੇ ਕੀਰਤਨ ਸਾਜ਼ ਤੇ ਇਨ੍ਹਾਂ ਦੀ ਵਾਦਨ ਵਿਧੀ ਗੁਰਮਤਿ ਸੰਗੀਤ ਪਰੰਪਰਾ ਦਾ ਅਨਿੱਖੜ ਅੰਗ ਰਹੀ ਹੈ। ਵਰਤਮਾਨ ਸਮੇਂ ਗੁਰਮਤਿ ਸੰਗੀਤ ਦੀ ਸਿਧਾਂਤਿਕਤਾ, ਕੀਰਤਨ ਚੌਕੀਆਂ ਵਜੋਂ ਵਿਕਸਿਤ ਹੋਈ ਗੁਰਮਤਿ ਸੰਗੀਤ ਦੇ ਵਿਵਹਾਰਿਕ ਸਰੂਪ ਤੋਂ ਪ੍ਰਗਟ ਹੁੰਦੀ ਹੈ। ਗੁਰਮਤਿ ਸੰਗੀਤ ਦੀ ਇਹ ਵਿਵਹਾਰਕ ਪਰੰਪਰਾ ਆਪਣੇ ਪੰਜ ਸਦੀਆਂ ਦਾ ਗੁਰਮਤਿ ਸੰਗੀਤ ਵਿਕਾਸ ਹੀ ਨਹੀਂ ਸਮੋਈ ਬੈਠੀ ਸਗੋਂ ਮੱਧਕਾਲੀਨ ਰਾਗ ਦੇ ਗਾਇਨ ਪਰੰਪਰਾਵਾਂ ਦੇ ਅਨੇਕ ਬੀਜ, ਸਰੋਤ ਰੂਪ ਵਿਚ ਇਸੇ ਪਰੰਪਰਾ ਤੋਂ ਹੀ ਗ੍ਰਹਿਣ ਕੀਤੇ ਜਾ ਸਕਦੇ ਹਨ। ਕੀਰਤਨ ਚੌਕੀਆਂ ਨਿਰੰਤਰ ਪ੍ਰਵਾਹ ਸੰਗਤੀ ਰੂਪ ਵਿਚ ਗੁਰਦੁਆਰਾ ਸਾਹਿਬਾਨ ਦੀ ਦੈਨਿਕ ਕੀਰਤਨ ਮਰਿਆਦਾ ਰਾਹੀਂ, ਵਿਅਕਤੀਗਤ ਤੇ ਪਰਵਾਰਕ ਰੂਪ ਵਿਚ ਸਿੱਖੀ ਜੀਵਨ ਨਾਲ ਸਬਧੰਤ ਵਿਭਿੰਨ ਰਸਮਾਂ 'ਤੇ ਸੰਸਕਾਰਾਂ ਸਮੇਂ ਦੀ ਕੀਰਤਨ ਰਹੁ ਰੀਤਾਂ ਰਾਹੀਂ ਜਾਰੀ ਹੈ।

ਸਿੱਖੀ ਦੇ ਪਰਚਾਰ ਲਈ ਵੱਖ ਵੱਖ ਗੁਰਪੁਰਬਾਂ ਸਮੇਂ ਵਿਸ਼ੇਸ਼ ਆਯੋਜਿਤ ਹੋਣ ਵਾਲੇ ਕੀਰਤਨ ਦਰਬਾਰਾਂ ਵਿੱਚ ਵਿਸ਼ੇਸ਼ ਕੀਰਤਨ ਚੌਕੀਆਂ ਦੀ ਪਰੰਪਰਾ ਵੀ ਜਾਰੀ ਹੈ। ਵਰਤਮਾਨ ਸਮੇਂ ਗੁਰਮਤਿ ਸੰਗੀਤ ਪ੍ਰਤਿਯੋਗਤਾਵਾਂ ਦੌਰਾਨ ਪ੍ਰਸਤੁਤ ਹੋਣ ਵਾਲੇ ਸ਼ਬਦ ਕੀਰਤਨ ਦਾ ਆਰੰਭ ਮੰਗਲਾਚਰਨ ਨਾਲ ਕੀਤਾ ਜਾਂਦਾ ਹੈ ਅਤੇ ਸ਼ਬਦ/ਪੜਤਾਲ ਗਾਇਨ ਦਾ ਸਮਾਪਨ ਪਉੜੀ ਗਾਇਨ ਨਾਲ ਕੀਤਾ ਜਾਂਦਾ ਹੈ। ਇਸ ਪ੍ਰਕਾਰ ਇਨ੍ਹਾਂ ਪ੍ਰਤਿਯੋਗਤਾਵਾਂ ਵਿੱਚ ਕੀਰਤਨ ਚੌਕੀ ਦਾ ਸੰਖੇਪ ਰੂਪ ਸੁਣਨ ਨੂੰ ਮਿਲਦਾ ਹੈ।

**ਗੁਰੂ ਅੰਗਦ ਦੇਵ ਜੀ** ਕਰਤਾਰਪੁਰ (ਨਣਕਾਣਾ ਸਾਹਿਬ) ਵਿਖੇ ਗੁਰੂ ਨਾਨਕ ਦੇਵ ਜੀ ਦੀ ਆਗਿਆ ਨਾਲ ਭਾਈ ਲਹਿਣਾ ਦੇ ਰੂਪ ਵਿਚ ਕੀਰਤਨ ਦੀ ਹਾਜ਼ਰੀ ਭਰਦੇ ਰਹੇ। 17 ਹਾੜ ਸੰਮਤ 1596 ਨੂੰ ਭਾਈ ਲਹਿਣਾ ਜੀ ਦੀ ਸੇਵਾ ਅਤੇ ਗੁਰੂਘਰ ਪ੍ਰਤਿ ਸਮੱਰਪਣ ਨੂਦੇਖਦੇ ਹੋਏ, ਗੁਰੂਅੰਗਦ ਦੇਵ ਦੇ ਰੂਪ ਵਿਚ ਪ੍ਰਕਾਸ਼ਮਾਨ ਕੀਤਾ। ਆਪ ਨੇ 23 ਅੱਸੂਸੰਮਤ 1596 ਤੋਂ ਗਰੁਤਾ ਦਾ ਕੰਮ ਆਰੰਭਿਆ। ਇਸ ਪ੍ਰਥਾਇ ਭਾਈ ਗੁਰਦਾਸ ਲਿਖਦੇ ਹਨ:

• ਥਾਪਿਆ ਲਹਿਣਾ ਜੀਵਦੇ ਗੁਰਿਆਈ ਸਿਰਿ ਛਤ੍ਰ ਫਿਰਾਇਆ।

ਜੋਤੀ ਜੋਤਿ ਮਿਲਾਇਕੈ ਸਤਿਗੁਰ ਨਾਨਕ ਰੂਪ ਵਟਾਇਆ।

ਆਪ ਨੇ ਗੁਰੂਨਾਨਕ ਦੇਵ ਜੀ ਦੁਆਰਾ ਚਲਾਈ ਗਈ ਗੁਰਮਤਿ ਸੰਗੀਤ ਪਰੰਪਰਾ ਨੂੰ ਵਿਵਹਾਰਕ ਰੂਪ ਵਿਚ ਖਡੂਰ ਸਾਹਿਬ ਵਿਖੇ ਪ੍ਰਕਾਸ਼ਮਾਨ ਕੀਤਾ। ਇਸ ਪ੍ਰਥਾਇ ਗੁਰੂਗ੍ਰੰਥ ਸਾਹਿਬ ਵਿਚ ਭਾਈ ਸਤਾ ਬਲਵੰਡ ਦਾ ਫੁਰਮਾਨ ਹੈ:ਡ

• ਫੇਰਿ ਵਸਾਇਆ ਫੇਰੁਆਣਿ ਸਤਿਗੁਰਿ ਖਾਡੂਰ।

ਭਾਈ ਗੁਰਦਾਸ ਦਾ ਕਥਨ ਹੈ:

• ਗੁਰੂਨਾਨਕ ਹੰਦੀ ਮੁਹਰਿ ਹਥਿ ਗੁਰ ਅੰਗਦ ਦੀ ਦੋਹੀ ਫਿਰਾਈ।

ਦਿਤਾ ਛੋਡਿ ਕਰਤਾਰਪੁਰ ਬੈਠਿ ਖਡੂਰੇ ਜੋਤਿ ਜਗਾਈ।।

ਗੁਰੂ ਅੰਗਦ ਦੇਵ ਜੀ ਦੇ ਸਮੇਂ ਦੀ ਕੀਰਤਨ ਚੌਕੀ ਪਰੰਪਰਾ ਸਬੰਧੀ ਗਯਾਨੀ ਗਯਾਨ ਸਿੰਘ ਲਿਖਦੇ ਹਨ:

• ਚੜਤ ਗੁਰ ਢਿਗ ਆਇ ਜੋ ਸਭ ਲਗਰ ਲਾਵੈ॥

ਅਭਯਾਗਤ ਸਿਖ ਸੰਗਤਾਂ ਸਭ ਦੋ ਬਰਸਾਵੈ॥

ਸ੍ਰੀ ਅੰਗਦ ਜੀ ਗੁਰ ਆਦਿ ਕੀ ਸਭ ਰੀਤ ਸੰਭਾਰੀ॥

ਢਰੀ ਨਿਸਾ ਤੈ ਜਾਗ ਕੈ ਲਾ ਬੈਠੇ ਤਾਰੀ॥

ਅੰਮ੍ਰਿਤ ਵੇਲੇ ਆਇਕੇ ਫਿਰ ਸਭਾ ਮਝਾਰੇ॥

ਆਸਾਵਾਰ ਪ੍ਰੇਮ ਸੇ ਸੁਨਹੀ ਮੁਦ ਧਾਰੇ॥

ਭਾਈ ਬਾਲੋਂ ਤੇ ਸੁਨੇ ਫਿਰ ਗੁਰ ਕੀ ਗਾਥਾ॥

ਸਿਖ ਸਾਧੂਔਰੈਂ ਘਨੇ ਸੁਨ ਹੀ ਹਿਤ ਸਾਥਾ॥

ਅਖਰ ਰਚ ਕੇ ਗੁਰਮੁਖੀ ਫਿਰ ਸਿਖਨ ਪੜਾਏ॥

ਗੁਰੂਕੀ ਬਾਣੀ ਅਰ ਕਥਾ ਇਨ ਮੈ ਲਿਖਵਾਏ॥

ਹਰ ਰੋਜ਼ ਸਵੇਰੇ ਆਸਾ ਦੀ ਵਾਰ ਦੇ ਗਾਇਨ ਦੀ ਮਰਯਾਦਾ ਤਾਂ ਗੁਰੂਅੰਗਦ ਦੇਵ ਜੀ ਨੇ ਗੁਰੂਨਾਨਕ ਦੇਵ ਵੇਲੇ ਦੀ ਗੁਰ ਆਗਿਆ ਨਾਲ ਆਰੰਭ ਕਰ ਦਿੱਤੀ ਸੀ। ਗੁਰੂਅੰਗਦ ਦੇਵ ਜੀ ਦੇ ਦਰਬਾਰ ਵਿਚ ਰੋਜ਼ਾਨਾ ਸੰਗਤਾਂ ਆਉਂਦੀਆਂ। ਰਬਾਬੀ ਸਿੰਘ ਕੀਰਤਨ ਕਰਦੇ। ਗੁਰੂ ਸਾਹਿਬ ਦੇ ਦਰਸ਼ਨ ਦੀਦਾਰ ਨਾਲ ਦਰਬਾਰ ਵਿਚ ਆਏ ਰੋਗੀ ਠੀਕ ਹੋ ਜਾਂਦੇ। ਸ਼ਾਮ ਨੂੰ ਸੋ-ਦਰੁ ਦੇ ਪਾਠ ਤੋਂ ਬਾਦ ਲੰਗਰ ਵਰਤਾਇਆ ਜਾਂਦਾ ਸੀ। ਲੰਗਰ ਤੋਂ ਬਾਅਦ ਫਿਰ ਗੁਰੂਨਾਨਕ ਬਾਣੀ ਦਾ ਗਾਇਨ ਕੀਤਾ ਜਾਂਦਾ ਅਤੇ ਦਰਬਾਰ ਦੀ ਸਮਾਪਤੀ ਕੀਤੀ ਜਾਂਦੀ।

ਭਾਈ ਸੰਤੋਖ ਸਿੰਘ ਗੁਰੂਅੰਗਦ ਦੇਵ ਜੀ ਦੇ ਦਰਬਾਰ ਦੀ ਕੀਰਤਨ ਪਰੰਪਰਾ ਸਬੰਧੀ ਲਿਖਦੇ ਹਨ:

• ਬਹੁਰ ਰਬਾਬੀ ਕਿਰਤਨ ਗਾਵੈਂ॥ ਸੁਨਹਿਂ ਬੀਚ ਸੰਗਤਿ ਹਰਖਾਵੈਂ॥

ਬੈਠ ਰਹੈਂ ਸਿੰਘਾਸਨ ਫੇਰ॥ ਸਿਖ ਸੰਗਤਿ ਸਭਿ ਦਰਸੁਨ ਹੇਰਿ॥...

ਸਭਾ ਬਿਖੈ ਸੁਭ ਆਸਨ ਬੈਸੇਂ॥ ਮੁਨਿ ਗਨਿ ਸਹਿਤ ਸੰਭੁ ਹੁਇ ਜੈਸੇ॥

ਚਹੁ ਦਿਸ ਪਰਵਾਰਤਿ ਸਿਖ ਆਇ॥ ਰੁਚਿਰ ਰਬਾਬੀ ਰਾਗਨਿ ਗਾਇ॥

ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿਚ ਹਰ ਰੋਜ ਸਵੇਰੇ ਆਸਾ ਦੀ ਵਾਰ ਦੇ ਗਾਇਨ ਕੀਤਾ ਜਾਂਦਾ ਸੀ। ਸ਼ਾਮ ਨੂੰ ਸੋ ਦਰੁ ਦੇ ਪਾਠ ਤੋਂ ਬਾਅਦ ਲੰਗਰ ਵਰਤਾਇਆ ਜਾਂਦਾ ਸੀ। ਲੰਗਰ ਤੋਂ ਬਾਅਦ ਗੁਰੂਨਾਨਕ ਬਾਣੀ ਦਾ ਕੀਰਤਨ ਮੁੜ ਆਰੰਭ ਹੋ ਜਾਂਦਾ। ਕੀਰਤਨ ਦੀ ਸਮਾਪਤੀ ਦੇ ਨਾਲ ਦਰਬਾਰ ਦੀ ਸਮਾਪਤੀ ਕੀਤੀ ਜਾਂਦੀ ਸੀ।

ਗੁਰੂਅੰਗਦ ਦੇਵ ਜੀ ਦੇ ਦਰਬਾਰ ਵਿਚ ਭਾਈ ਮਰਦਾਨਾ ਦਾ ਪੁੱਤਰ ਭਾਈ ਸ਼ਾਜ਼ਾਦਾ, ਭਾਈ ਸਾਦੂ, ਭਾਈ ਬਾਦੂ, ਭਾਈ ਰਜਾਦਾ, ਭਾਈ ਸਜਾਦਾ, ਭਾਈ ਬਲਵੰਡ ਕੀਰਤਨ ਦੀ ਹਾਜ਼ਰੀ ਭਰਦੇ ਰਹੇ। ਜਦੋਂ ਆਦਿ ਗੁਰੂ ਜੀ ਨੇ

ਗੱਦੀ ਗੁਰ ਅੰਗਦ ਦੇਵ ਜੀ ਨੂੰ ਬਖ਼ਸ਼ੀ ਤਾਂ ਕੁਝ ਸਮੇਂ ਮਗਰੋਂ ਸਚਖੰਡ ਜਾਣ ਲੱਗੇ ਤਾਂ ਭਾਈ ਬਲਵੰਡ ਨੂੰ ਸ੍ਰੀ ਗੁਰੂਅੰਗਦ ਦੇਵ ਜੀ ਦੇ ਨਾਲ ਖਡੂਰ ਜਾਣ ਦਾ ਹੁਕਮ ਹੋ ਗਿਆ। ਗੁਰ ਦਰਬਾਰ ਵਿੱਚ ਸਵੇਰ ਸ਼ਾਮ ਦੋਵੇਂ ਸਮੇਂ ਰਬਾਬ ਨਾਲ ਕੀਰਤਨ ਹੁੰਦਾ ਸੀ ਅਤੇ ਸੰਗਤਾਂ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਦੀਆਂ ਸਨ।

**ਗੁਰੂਅਮਰ ਦਾਸ ਜੀ** ਦੁਆਰਾ ਗੁਰੂ ਘਰ ਦੀ ਸੇਵਾ ਰਾਹੀਂ ਆਪਣੀ ਨਿਵਕਲੀ ਪਛਾਣ ਸਥਾਪਤ ਕੀਤੀ ਅਤੇ ਗੁਰੂਅੰਗਦ ਦੇਵ ਜੀ ਦੁਆਰਾ ਆਪ ਨੂੰ ਗੁਰਗੱਦੀ ਦੇ ਪ੍ਰਕਾਸ਼ਮਾਨ ਕੀਤਾ ਗਿਆ। ਇਸ ਸਬੰਧੀ ਭਾਈ ਗੁਰਦਾਸ ਜੀ ਲਿਖਦੇ ਹਨ:

• ਲਹਣੇ ਪਾਈ ਨਾਨਕੋ ਦੇਣੀ ਅਮਰਦਾਸਿ ਘਰਿ ਆਈ॥

ਗੁਰ ਬੈਠਾ ਅਮਰੁ ਸਰੂਪ ਹੋਇ ਗੁਰਮੁਖਿ ਪਾਈ ਦਾਤਿ ਇਲਾਹੀ॥

ਗੁਰੂ ਅਮਰ ਦਾਸ ਜੀ ਨੇ ਗੋਇੰਦਵਾਲੁ ਸਾਹਿਬ ਨੂੰ ਸਿੱਖੀ ਦੇ ਪਰਚਾਰ ਕੇਂਦਰ ਵਜੋਂ ਵਿਕਸਿਤ ਕੀਤਾ।

• ਫੇਰਿ ਵਸਾਇਆ ਗੋਇੰਦਵਾਲੁ ਅਚਰਜੁ ਖੇਲੁ ਨ ਲਖਿਆ ਜਾਈ।

ਦਾਤਿ ਜੋਤਿ ਖਸਮੈ ਵਡਿਆਈ। ।

ਸ੍ਰੀ ਗੁਰੂਗ੍ਰੰਥ ਸਾਹਿਬ ਵਿੱਚ ਭੱਟ ਨੱਥ ਜੀ ਲਿਖਦੇ ਹਨ ਕਿ ਬਿਆਸ ਦਰਿਆ ਦੇ ਕੰਢੇ 'ਤੇ ਗੁਰੂਅਮਰਦਾਸ ਜੀ ਵਲੋਂ ਗੋਇੰਦਵਾਲੁ ਦੀ ਸਥਾਪਨਾ ਕੀਤੀ ਗਈ।

• ਗੋਬਿੰਦਵਾਲੁ ਗੋਬਿੰਦ ਪੁਰੀ ਸਮ ਜਲ੍ਨ ਤੀਰਿ ਬਿਪਾਸ ਬਨਾਯਉ। ।

ਗਯਉ ਦੁਖੁ ਦੂਰਿ ਬਰਖਨ ਕੋ ਸੁ ਗੁਰੂਮੁਖੁ ਦੇਖਿ ਗਰੂਸੁਖ ਪਾਯਉ। ।

ਗੁਰੂ ਅਮਰਦਾਸ ਜੀ ਦੀ ਦੇ ਸਮੇਂ ਦੀ ਕੀਰਤਨ ਚੌਕੀ ਪਰੰਪਰਾ ਸਬੰਧੀ ਭਾਈ ਸੰਤੋਖ ਸਿਘ ਲਿਖਦੇ ਕਿ, ਅੰਮ੍ਰਿਤ ਵੇਲੇ ਤੋਂ ਹੀ ਸਿੱਖ ਸੰਗਤਾਂ ਗੁਰੂਦਰਬਾਰ ਵਿਚ ਸੁਸੋਭਿਤ ਹੋ ਜਾਂਦੀਆਂ ਸਨ। ਰਬਾਬੀ ਕੀਰਤਨੀਏ ਵਿਭਿੰਨ ਰਾਗਾਂ ਵਿਚ ਬਾਣੀ ਦਾ ਗਾਇਨ ਕਰਦੇ ਸਨ। ਦਿਨ ਦੇ ਚੌਥੇ ਪਹਿਰ ਇਤਿਹਾਸ ਦੀ ਕਥਾ ਹੁੰਦੀ ਸੀ। ਉਪਰੰਤ ਮੁੜ ਕੀਰਤਨ ਆਰੰਭ ਹੋ ਜਾਂਦਾ। ਇਸ ਤਰ੍ਹਾਂ ਸਾਰਾ ਦਿਨ ਬਾਣੀ ਅਤੇ ਕਥਾ ਦਾ ਪ੍ਰਵਾਹ ਚਲਦਾ ਰਹਿੰਦਾ।

• ਪ੍ਰਾਤਿ ਹੋਤਿ ਲਗ ਇਸੀ ਬਿਧੀ ਇਸਥਿਰਤਾ ਪਾਵੈ॥

ਬਹੁਰ ਰਬਾਬੀ ਆਇ ਕਰਿ ਗੁਰ ਸਬਦ ਸੁ ਗਾਵੈ॥

ਅਨਿਕ ਰੀਤਿ ਕੇ ਰਾਗ ਕੋ ਸੁਨਿ ਅਨਦ ਬਿਲੰਦੇ॥

ਮਨੋ ਮਧੁਰ ਘਨ ਗਰਜੇਤ ਜਯੋਂ ਮੋਰ ਸੁਹੰਦੇ॥...

ਆਵੇ ਚੌਥੇ ਜਾਮ ਦਿਨ ਇਤਿਹਾਸੁ ਪ੍ਰਕਾਸੇ॥

ਸੁਨੈ ਸਤਿਗੁਰ ਬੈਠਿ ਕਰਿ ਸੰਗਤਿ ਇਕ ਪਾਸੈ॥

ਬਹੁਤ ਰਬਾਬੀ ਆਇ ਕਰ ਗੁਰ ਸ਼ਬਦ ਸੁਨਾਵੈ॥

ਰਾਗ ਰਾਗਨੀ ਧੁਨਿ ਸਤਹ ਸੁੰਦਰ ਬਿਧਿ ਗਾਵੈ॥

ਕਥਾ ਕੀਰਤਨਿ ਕਰਤਿ ਹੀ ਨਿਸੁ ਜਾਮ ਬਿਤਾਵੈ॥

ਸਿਮਰਨ ਹੁਇ ਸਤਿਨਾਮ ਕੋ ਇਕ ਚਿਤਲਿਵ ਲਾਵੈ॥

ਗੁਰੂ ਅਮਰਦਾਸ ਜੀ ਨੇ ਸਬਦ ਕੀਰਤਨ ਦੀ ਪਰੰਪਰਾ ਨੂੰ ਵਿਸ਼ੇਸ਼ ਸਰਪ੍ਰਸਤੀ ਪ੍ਰਦਾਨ ਕੀਤੀ। ਆਪ ਨੇ ਸ਼ਬਦ ਕੀਰਤਨ ਰਾਹੀਂ ਗੁਰੂਦੀਆਂ ਖੁਸ਼ੀਆਂ ਪ੍ਰਾਪਤ ਕਰਨ ਦੀ ਜੁਗਤ ਦੱਸੀ। ਗੁਰੂ ਅਮਰ ਦਾਸ ਜੀ ਦੁਆਰਾ ਰਾਮਕਲੀ ਰਾਗ ਵਿਚ ਉਚਾਰੀ ਗਈ ਬਾਣੀ 'ਅਨੰਦ' ਵਰਤਮਾਨ ਸਮੇਂ ਵੀ ਕੀਰਤਨ ਦੀ ਹਰ ਚੌਕੀ ਦੇ ਅੰਤ ਵਿਚ ਗਾਇਨ ਕੀਤੀ ਜਾਂਦੀ ਹੈ। ਗੁਰੂਅਮਰ ਦਾਸ ਜੀ ਸ਼ਬਦ ਗਾਇਨ ਸਬੰਧੀ ਫੁਰਮਾਉਂਦੇ ਹਨ:

• ਆਵਹੁ ਸਿਖ ਸਤਿਗੁਰੂਕੇ ਪਿਆਰਿਹੋ ਗਾਵਹੁ ਸਚੀ ਬਾਣੀ। ।

ਬਾਣੀ ਤ ਗਾਵਹੁ ਗੁਰੂਕੇਰੀ ਬਾਣੀਆ ਸਿਰਿ ਬਾਣੀ। ।

• ਸਬਦੋ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ। ।

ਕਹੈ ਨਾਨਕੁ ਅਨੰਦੁ ਹੋਆ ਸਤਿਗੁਰੂਮੈ ਪਾਇਆ। ।

• ਬਾਣੀ ਤ ਗਾਵਹੁ ਗੁਰੂਕੇਰੀ ਬਾਣੀਆਂ ਸਿਰਿ ਬਾਣੀ। ।

ਗੁਰੂ ਅਮਰਦਾਸ ਜੀ ਵਲੋਂ ਰਾਗਾਂ ਦੀ ਪ੍ਰਕਿਰਤੀ ਅਤੇ ਕਾਰਜਸ਼ੀਲਤਾ ਸਬੰਧੀ ਬਾਣੀ ਵਿੱਚ ਫੁਰਮਾਇਆ ਹੈ:

• ਰਾਗਾ ਵਿਚਿ ਸ੍ਰੀਰਾਗੁ ਹੈ ਜੇ ਸਚਿ ਧਰੇ ਪਿਆਰੁ॥

ਸਦਾ ਹਰਿ ਸਚੁ ਮਨਿ ਵਸੈ ਨਿਹਚਲ ਮਤਿ ਅਪਾਰੁ॥

• ਬਿਲਾਵਲੁ ਤਬ ਹੀ ਕੀਜੀਐ ਜਬ ਮੁਖਿ ਹੋਵੈ ਨਾਮੁ॥

ਰਾਗ ਨਾਦ ਸਬਦਿ ਸੋਹਣੇ ਜਾ ਲਾਗੈ ਸਹਜਿ ਧਿਆਨੁ॥

• ਦੂਜੈ ਭਾਇ ਬਿਲਾਵਲੁ ਨ ਹੋਵਈ ਮਨਮੁਖਿ ਥਾਇ ਨ ਪਾਇ॥

ਪਾਖੰਡਿ ਭਗਤਿ ਨ ਹੋਵਈ ਪਾਰਬ੍ਰਹਮੁ ਨ ਪਾਇਆ ਜਾਇ॥

• ਬਿਲਾਵਲੁ ਕਰਿਹੁ ਤੁਮ੍ ਪਿਆਰਿਹੋ ਏਕਸੁ ਸਿਉ ਲਿਵ ਲਾਇ॥

ਜਨਮ ਮਰਣ ਦੁਖੁ ਕਟੀਐ ਸਚੇ ਰਹੈ ਸਮਾਇ॥

ਸਿੱਖੀ ਜੀਵਨ ਦੇ ਵਿਭਿੰਨ ਸੰਸਕਾਰਾਂ ਨਾਲ ਜੁੜੀਆਂ ਕੀਰਤਨ ਚੌਕੀਆਂ ਦੇ ਅੰਤਰਗਤ ਆਉਣ ਵਾਲੀ 'ਅਕਾਲ ਚਲਾਣੇ ਦੀ ਕੀਰਤਨ ਚੌਕੀ' ਸਬੰਧੀ ਗੁਰੂਅਮਰ ਦਾਸ ਜੀ ਨੇ ਸੰਗਤਾਂ ਨੂੰ ਵਿਸ਼ੇਸ਼ ਮਰਿਆਦਾ ਨਾਲ ਜੋੜਿਆ। ਪ੍ਰਾਣੀ ਦੇ ਅਕਾਲ ਚਲਾਣੇ ਤੇ ਵੀ ਅਕਾਲ ਪੁਰਖ ਅੱਗੇ ਅਰਦਾਸ ਅਤੇ ਨਾਮ ਸਿਮਰਨ ਕਰਨ ਦੇ ਆਦੇਸ ਦਿੰਦੇ ਹੋਏ 'ਰਾਮਕਲੀ ਸਦੁ' ਦੇ ਅੰਤਰਗਤ ਗੁਰ ਫੁਰਮਾਨ ਹੈ:

• ਸਤਿਗੁਰਿ ਭਾਣੈ ਆਪਣੈ ਬਹਿ ਪਰਵਾਰੁ ਸਦਾਇਆ॥

ਮਤ ਮੈ ਪਿਛੈ ਕੋਈ ਰੋਵਸੀ ਸੋ ਮੈ ਮੂਲਿ ਨ ਭਾਇਆ॥

ਮਿਤੁ ਪੈਝੈ ਮਿਤੁ ਬਿਗਸੈ ਜਿਸੁ ਮਿਤ ਕੀ ਪੈਜ ਭਾਵਏ॥

ਤੁਸੀ ਵੀਚਾਰਿ ਦੇਖਹੁ ਪੁਤ ਭਾਈ ਹਰਿ ਸਤਿਗੁਰੂਪੈਨਾਵਏ॥

ਸਤਿਗੁਰੂਪਰਤਖਿ ਹੋਦੈ ਬਹਿ ਰਾਜੁ ਆਪਿ ਟਿਕਾਇਆ॥

ਸਭਿ ਸਿਖ ਬੰਧਪ ਪੁਤ ਭਾਈ ਰਾਮਦਾਸ ਪੈਰੀ ਪਾਇਆ॥4॥

ਅੰਤੇ ਸਤਿਗੁਰੁ ਬੋਲਿਆ ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ॥

ਇਸ ਸਬੰਧੀ ਭਾਈ ਸੰਤੋਖ ਸਿੰਘ ਲਿਖਦੇ ਹਨ:

• ਸੁਤ ਭ੍ਰਾਤਾ ਬੰਧੂਸਿਖ ਦਾਸ॥ ਪਾਛੇ ਕਰਹੁ ਨ ਸ਼ੋਕ ਪ੍ਰਕਾਸ਼॥

ਮੁਦਤ ਰਹਹੁ ਹਰਿ ਕੇ ਗੁਨ ਗਾਵਹੁ॥ ਕਥਾ ਕੀਰਤਨ ਸੁਨਹੁ ਸੁਨਾਵਹੁ॥...

ਬਹੁ ਸੰਖਨ ਕੀ ਧੁਨੀ ਉਠਾਈ॥ ਲਾਜਾ ਪੁਸ਼ਪਨ ਬਹੁ ਬਰਖਾਈਂ॥

ਪੋਤ੍ਰੇ ਸਰਬ ਗੁਰੂਕੇ ਆਏ॥ ਕਰ ਮਹਿੰਲੀਕੇ ਚਵਰ ਢਰਾਏ॥

ਸ਼ਬਦ ਰਬਾਬੀ ਗਾਵਨਿ ਕਰਿਹੀਂ॥ ਬੇਦ ਧੁਨੀ ਬਰ ਬਿੱਲ ਉਚਾਰਹੀਂ॥

ਕੰਚਨ ਆਦਿ ਦਰਬ ਬਰਖਾਵੈਂ॥ ਸਹਤ ਸੁਗਧਿ ਫੂਲ ਬਹੁ ਲਯਾਵੈਂ॥

ਆਪ ਦੁਆਰਾ ਕੀਰਤਨੀਆਂ ਲਈ ਸਾਰੰਦਾ ਸਾਜ਼ ਦਾ ਅਵਿਸ਼ਕਾਰ ਕੀਤਾ ਗਿਆ। ਪ੍ਰੋਫੈਸਰ ਤਾਰਾ ਸਿੰਘ ਅਨੁਸਾਰ ਇਸ ਦਾ ਜ਼ਿਕਰ ਕਾਨੂੰਨ-ਏ-ਮੌਸੀਕੀ ਵਿਚ ਵੀ ਕੀਤਾ ਗਿਆ ਹੈ। ਗੁਰੂਅਮਰਦਾਸ ਜੀ ਦੇ ਦਰਬਾਰ ਵਿੱਚ ਪ੍ਰਸਿੱਧ ਰਬਾਬੀ ਕੀਰਤਨੀਏ ਭਾਈ ਸੱਤਾ ਅਤੇ ਭਾਈ ਬਲਵੰਡ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਿਆ ਕਰਦੇ ਸਨ। ਪਿੰਡ ਡੱਲਾ ਦੇ ਨਿਵਾਸੀ ਭਾਈ ਉਗਰਸੈਨ, ਭਾਈ ਰਾਮੂਅਤੇ ਭਾਈ ਨਗੌਰੀ ਮੱਲ੍ਹ ਗੁਰ ਦਰਬਾਰ ਵਿਚ ਕੀਰਤਨ ਦੀ ਸੇਵਾ ਕਰਦੇ ਸਨ। ਭਾਈ ਪਾਂਧਾ ਤੇ ਬੂਲਾ ਵੀ ਜਿਥੇ ਸਵੇਰ ਸ਼ਾਮ ਸਬਦ ਕੀਰਤਨ ਰਾਹੀਂ ਸੰਗਤਾਂ ਨੂੰ

ਨਿਹਾਲ ਕਰਦੇ ਉਥੇ ਸੁੰਦਰ ਲਿਖਾਈ ਵਿੱਚ ਬਾਣੀ ਲਿਖੱ ਕੇ ਸੰਗਤਾਂ ਨੂੰ ਭੇਟ ਕਰਦੇ ਸਨ। ਇਸ ਪ੍ਰਥਾਇ ਭਾਈ ਗੁਰਦਾਸ ਲਿਖਦੇ ਹਨ:

· ਪਾਂਧਾ ਬੂਲਾ ਜਾਣੀਏ ਗੁਰਬਾਣੀ ਗਾਇਣੁ ਲੇਖਾਰੀ।

ਡਲੇ ਵਾਸੀ ਸੰਗਤਿ ਭਾਰੀ। ।

**ਗੁਰੂਰਾਮ ਦਾਸ ਜੀ** ਨੇ ਅਨਿਨ ਭਗਤੀ ਦੁਆਰਾ ਗੁਰਿਆਈ ਪ੍ਰਾਪਤ ਕੀਤੀ। ਆਪ ਗੁਰ ਦਰਬਾਰ ਵਿਚ ਆਈਆਂ ਸੰਗਤਾਂ ਦੀ ਸੇਵਾ ਕਰਿਆ ਕਰਦੇ ਸਨ। ਜਿਸ ਤੋਂ ਪ੍ਰਸੰਨ ਹੋ ਕੇ ਗੁਰੂ ਅਮਰਦਾਸ ਜੀ ਨੇ ਆਪਣੀ ਸਪੁੱਤਰੀ ਬੀਬੀ ਭਾਨੀ ਦਾ ਵਿਆਹ ਆਪ ਨਾਲ ਕੀਤਾ ਅਤੇ ਗੁਰਿਆਈ ਦੇ ਕੇ ਗੁਰੂ ਰਾਮ ਦਾਸ (ਰੱਬ ਦਾ ਸੇਵਕ) ਦਾ ਨਾਮ ਦਿੱਤਾ।

· ਬੈਠਾ ਸੋਢੀ ਪਾਤਿਸਾਹ ਰਾਮਦਾਸ ਸਤਿਗੁਰੂ ਕਹਾਵੈ। ।

ਪੂਰਨੁ ਤਾਲ ਖਟਾਇਆ ਅੰਮ੍ਰਿਤਸਰ ਵਿਚ ਜੋਤ ਜਗਾਵੈ। ।

ਗੁਰੂਰਾਮਦਾਸ ਜੀ ਵੇਲੇ ਗੁਰੂ ਘਰ ਵਿਚ ਰਾਗਮਈ ਕੀਰਤਨ ਪਰੰਪਰਾ ਦਾ ਪ੍ਰਚਲਨ ਸੀ। ਸਵੇਰੇ ਅੰਮ੍ਰਿਤ ਵੇਲੇ ਦੀਵਾਨ ਸ਼ੁਰੂ ਹੋ ਜਾਂਦੇ ਸਨ। ਰਬਾਬੀ ਬੜੇ ਪ੍ਰੇਮ ਅਤੇ ਵੈਰਾਗ ਵਿਚ ਆ ਕੇ ਰਾਗਬਧ ਕੀਰਤਨ ਕਰਦੇ ਸਨ। ਅੰਮ੍ਰਿਤ ਵੇਲੇ ਤੋਂ ਹੀ ਸਗਤਾਂ ਦਾ ਆਉਣਾ ਸ਼ੁਰੂ ਹੋ ਜਾਂਦਾ ਅਤੇ ਕੀਰਤਨੀਏ ਬਹੁਤ ਹੀ ਮਧੁਰ ਧੁਨਾਂ ਵਿਚ ਬਾਣੀ ਦਾ ਕੀਰਤਨ ਸੰਗਤਾਂ ਸਨਮੁਖ ਪ੍ਰਸਤੁਤ ਕਰਦੇ। ਇਸ ਪ੍ਰਥਾਇ ਭਾਈ ਸੰਤੋਖ ਸਿੰਘ ਲਿਖਦੇ ਹਨ:

· ਗਾਵਹਿੰ ਸਬਦ ਰਬਾਬੀ ਰਾਗਿ॥ ਜਿਨ ਕੇ ਬਿਖੈ ਪਰਮ ਬੈਰਾਗ॥

ਸਭਾ ਲਗਹਿ ਜਬ ਹੋਵਤਿ ਭੋਰ॥ ਆਵਹਿ ਸਿਖ ਕਰਹਿੰ ਬਹੁ ਜੋਰ॥

ਬਿਚ ਰਾਗਨ ਕੇ ਸ਼ਬਦ ਬਨਾਵਹਿ॥ ਮਧੁਰ ਮਧੁਰ ਮੁਖ ਤੇ ਧੁਨ ਗਾਵਹਿੰ॥

ਗੁਰੂ ਰਾਮ ਦਾਸ ਜੀ ਨੇ ਆਪਣੇ ਤੋਂ ਪੂਰਵਲੇ ਗੁਰੂ ਸਾਹਿਬਾਨਾਂ ਦੁਆਰਾ ਚਲਾਈ ਮਰਿਆਦਾ ਦੀ ਪਾਲਣਾ ਕਰਦੇ ਹੋਏ ਕੀਰਤਨ ਦੀ ਪ੍ਰਥਾ ਨੂੰ ਪੂਰੇ ਸਿਦਕ ਨਾਲ ਜਾਰੀ ਰਖਿਆ। ਆਪ ਦੇ ਸਮੇਂ ਗੁਰਮਤਿ ਸੰਗੀਤ ਦੀਆਂ ਸ਼ਾਸਤਰੀ ਅੰਗ ਦੀ ਗਾਇਨ ਵੰਨਗੀਆਂ ਨੂੰ ਵਿਸ਼ੇਸ਼ ਸਰਪ੍ਰਸਤੀ ਮਿਲੀ। ਗੁਰੂਰਾਮਦਾਸ ਜੀ ਨੇ ਗੁਰਮਤਿ ਸੰਗੀਤ ਦੀਆਂ ਸ਼ਾਸਤ੍ਰੀ ਅਤੇ ਲੋਕ ਅੰਗ ਦੋਵੇਂ ਵੰਨਗੀਆਂ ਦੀਆਂ ਗਾਇਨ ਸ਼ੈਲੀਆਂ ਵਿਚ ਬਾਣੀ ਰਚੀ। ਆਪ ਦੀ ਬਾਣੀ ਵਿਚ ਪਦੇ, ਅਸ਼ਟਪਦੀਆਂ ਵਰਗੀਆਂ ਸ਼ਾਸਤ੍ਰੀ ਸ਼ੈਲੀਆਂ ਅਤੇ ਘੋੜੀਆਂ, ਛੰਤ, ਵਾਰ ਅਤੇ ਲਾਵਾਂ ਵਰਗੇ ਲੋਕ ਕਾਵਿ ਅਤੇ ਗਾਇਨ ਰੂਪ ਵਿਦਮਾਨ ਹਨ। ਗੁਰੂਰਾਮ ਦਾਸ ਜੀ ਨੇ ਰਾਗਾਂ ਅਤੇ ਹੋਰ ਸੰਗੀਤਕ ਜੁਗਤਾਂ ਦੇ ਬੇਲੋੜੇ ਪ੍ਰਦਰਸ਼ਨ ਤੇ ਅੰਕੁਸ਼ ਲਾਉਂਦਿਆਂ ਫੁਰਮਾਇਆ:

· ਸਭਨਾ ਰਾਗਾਂ ਵਿਚਿ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ॥

ਰਾਗੁ ਨਾਦੁ ਸਭੁ ਸਚੁ ਹੈ ਕੀਮਤਿ ਕਹੀ ਨ ਜਾਇ॥

ਆਪ ਨੇ ਪੜਤਾਲ ਗਾਇਨ ਸ਼ੈਲੀ ਨੂੰ ਬਾਣੀ ਦਾ ਹਿੱਸਾ ਬਣਾ ਕੇ ਗੁਰਮਤਿ ਸੰਗੀਤ ਨੂੰ ਇਕ ਨਵੀਂ ਦਿਸ਼ਾ ਪ੍ਰਦਾਨ ਕੀਤੀ। ਇਸ ਗਾਇਨ ਸ਼ੈਲੀ ਦੀ ਇਹ ਵਿਸ਼ੇਸ਼ਤਾ ਹੈ ਕਿ ਸਥਾਈ ਤਾਂ ਕਿਸੇ ਇਕ ਤਾਲ ਵਿਚ ਹੀ ਨਿਬੱਧ ਹੁੰਦੀ ਹੈ ਪਰ ਸ਼ਬਦ ਦੇ ਅੰਤਰੇ ਵੱਖ-ਵੱਖ ਤਾਲਾਂ ਵਿਚ ਗਾਏ ਜਾਂਦੇ ਹਨ। ਆਪ ਦੇ ਸਮੇਂ ਭਾਈ ਸਾਦੂਅਤੇ ਭਾਈ ਬਾਦੂ ਦੇ ਪੁੱਤਰ ਸੱਤਾ ਤੇ ਬਲਵੰਡ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਦੇ ਸਨ।

**ਗੁਰੂਅਰਜਨ ਦੇਵ ਜੀ** ਦੁਆਰਾ ਗੁਰਮਤਿ ਸੰਗੀਤ ਦੀ ਕੀਰਤਨ ਚੌਕੀ ਪਰੰਪਰਾ ਦੀ ਸੰਸਥਾਗਤ ਸਥਾਪਤੀ ਲਈ ਮਹੱਤਵਪੂਰਨ ਕਾਰਜ ਕੀਤੇ ਗਏ। ਆਪ ਦੀ ਪ੍ਰਤਿਭਾ, ਸੇਵਾ ਅਤੇ ਲਗਨ ਨੂੰ ਦੇਖਦੇ ਹੋਏ ਗੁਰੂਰਾਮ ਦਾਸ ਜੀ ਨੇ ਆਪਣੇ ਦੋਵੇਂ ਵੱਡੇ ਪੁੱਤਰਾਂ (ਪ੍ਰਿਥੀ ਚੰਦ ਅਤੇ ਮਹਾਂਦੇਵ) ਨੂੰ ਛੱਡ ਕੇ ਸਭ ਤੋਂ ਛੋਟੇ ਪੁੱਤਰ ਅਰਜਨ ਦੇਵ ਨੂੰ ਗੁਰਗੱਦੀ ਦਾ ਵਾਰਿਸ ਥਾਪਿਆ। ਇਸ ਸਬੰਧੀ ਗਯਾਨੀ ਗਯਾਨ ਸਿੰਘ ਲਿਖਦੇ ਹਨ ਕਿ:

· ਜਾ ਦਿਨ ਤੇ ਗੁਰ ਪੰਚਮ ਜੁ ਗੁਰਯਾਈ ਕੋ ਪਾਇ ਗੁਰੂ ਕਹਿਲਾਏ॥

ਤਾ ਦਿਨ ਤੇ ਸੁਨ ਕੈ ਬਹੁ ਸੰਗਤ ਦੇਸ ਬਦੇਸਨ ਤੈ ਨਿਤ ਆਏ॥

ਆਪ ਦਿਵਾਨ ਲਗਾਇ ਥਿਰੈਂ ਗੁਰੁ ਚਾਰੁ ਚਹੂਮ ਦਿਸ ਸਿਖੇ ਬਿਰਾਜੈ॥

ਹੇਮ ਸਿੰਘਾਸਨ ਹੀਰਨ ਸੌ ਖਚਿਯੋ ਪਿਖ ਬੂਰ ਸਸੀ ਜਿੰਹ ਲਾਜੈਂ॥

ਰਾਗ ਅਲਾਪਤ ਖਾਪਤ ਸੋਂ ਕਹਿ ਸਾਜਿ ਮਿਲਾਇ ਮਿਲਾਇ ਰਬਾਬੀ॥

ਗੁਰ ਚਾਰਨ ਕੀ ਬਰ ਬਾਨਿ ਉਚਾਰਤ ਜੋ ਸੁਨ ਤਯਾਗਤ ਚਿੱਤ ਖ਼ਰਾਬੀ॥

ਸ੍ਰੀ ਗੁਰੂ ਅਰਜਨ ਦੇਨ ਜੀ ਮਹਾਰਾਜ ਨੇ ਗੁਰਗੱਦੀ ਦਾ ਕਾਰਜਭਾਰ ਸੰਭਾਲਦਿਆਂ ਪਿਤਾ ਸਤਿਗੁਰੂਜੀ ਦੇ ਆਦੇਸ਼ਾਂ ਅਨੁਸਾਰ ਉਨ੍ਹਾਂ ਵਲੋਂ ਆਰੰਭੇ ਕਾਰਜਾਂ ਨੂੰ ਨੇਪਰੇ ਚਾੜ੍ਹਨ ਹਿੱਤ ਆਪ ਗੋਇੰਦਵਾਲੁ ਤੋਂ ਗੁਰੂਕੇ ਚੱਕ (ਰਾਮਦਾਸਪੁਰ/ਅੰਮ੍ਰਿਤਸਰ) ਆ ਗਏ। ਆਪ ਨੇ ਅੰਮ੍ਰਿਤ ਸਰੋਵਰ ਨੂੰ ਪੱਕਾ ਕਰਵਾਇਆ ਅਤੇ ਨਾਉਂ ਅੰਮ੍ਰਿਤਸਰ ਰਖਿਆ। ਆਪ ਨੇ ਪੌੜੀਆਂ ਦਾ ਨਿਰਮਾਣ ਵੀ ਕਰਵਾਇਆ ਅਤੇ ਜਲ ਦੀ ਪੂਰਤੀ ਲਈ ਸਰੋਵਰ ਦੇ ਕੋਨਿਆਂ ਤੇ ਖੂਹ ਖੁਦਵਾਏ ਗਏ।

ਗੁਰੂਅਰਜਨ ਦੇਵ ਜੀ ਨੇ 1 ਮਾਘ ਸੰਮਤ 1645 ਨੂੰ ਸਰੋਵਰ ਦੇ ਮੱਧ ਹਰਿਮੰਦਰ ਸਾਹਿਬ ਦੀ ਨੀਹ ਰੱਖੀ ਅਤੇ ਉਸਦੀ ਇਮਾਰਤ ਪੂਰੀ ਕਰਕੇ ਸੰਮਤ 1661 ਵਿਚ ਸ੍ਰੀ ਗੁਰੂਗ੍ਰੰਥ ਸਾਹਿਬ ਅਸਥਾਪਨ ਕੀਤੇ। 16 ਅਗਸਤ 1604 ਈ. ਨੂੰ ਸ੍ਰੀ ਗੁਰੂਅਰਜਨ ਦੇਵ ਜੀ ਨੇ ਬਾਬਾ ਬੁੱਢਾ ਜੀ ਨੂੰ ਸ੍ਰੀ ਹਰਿਮੰਦਰ ਸਾਹਿਬ ਦਾ ਪਹਿਲਾ ਗ੍ਰੰਥੀ ਥਾਪਿਆ ਅਤੇ ਉਨ੍ਹਾਂ ਹਥੋਂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਵਾਇਆ।

ਗੁਰੂਗ੍ਰੰਥ ਸਾਹਿਬ ਦੇ ਪ੍ਰਕਾਸ਼ ਤੋਂ ਪਹਿਲਾਂ ਸ੍ਰੀ ਹਰਿਮੰਦਰ ਸਾਹਬਿ ਅੰਦਰ ਮੰਜੀ ਸਾਹਿਬ 'ਤੇ ਬੈਠ ਕੇ ਸੰਗਤਾਂ ਨੂੰ ਦਰਸਨ-ਦੀਦਾਰੇ ਦਿੰਦੇ ਰਹੇ। ਸਵੇਰੇ ਆਸਾ ਦੀ ਵਾਰ ਅਤੇ ਸ਼ਾਮ ਨੂੰ ਚਰਨ ਕਮਲ ਦੀ ਚੌਕੀ ਉਪਰੰਤ ਦੋਵੇਂ ਸਮੇਂ ਆਪਣੀ ਰਸਨਾਂ ਤੋਂ ਗੁਰਬਾਣੀ ਦੇ ਅਰਥ ਕਥਾ ਅਤੇ ਵਿਆਖਿਆ ਸੁਣਾ ਕੇ ਸੰਗਤਾਂ ਨੂੰ ਕਿਰਤਾਰਥ ਕਰਦੇ ਰਹੇ।

ਆਦਿ ਗ੍ਰੰਥ ਦੇ ਪ੍ਰਕਾਸ਼ ਦੇ ਨਾਲ ਹੀ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ਼ਬਦ ਕੀਰਤਨ ਦੀ ਮਰਯਾਦਾ ਦਾ ਆਰੰਭ ਹੋਇਆ। ਸ੍ਰੀ ਹਰਿਮੰਦਰ ਸਾਹਿਬ ਅੰਦਰ ਸਭ ਤੋਂ ਪਹਿਲਾਂ ਗੁਰੂਜਸ ਗਾਇਨ ਕਰਨ ਦਾ ਸੁਭਾਗ ਗੁਰੂ ਘਰ ਦੀ ਸੇਵਾ ਵਿਚ ਲੀਨ ਉਸ ਸਮੇਂ ਦੇ ਪ੍ਰਸਿੱਧ ਰਬਾਬੀ ਭਾਈ ਸੱਤਾ ਅਤੇ ਭਾਈ ਬਲਵੰਡ ਨੂੰ ਪ੍ਰਾਪਤ ਹੋਇਆ। ਇਸ ਤਰ੍ਹਾਂ ਹਰਿਮੰਦਰ ਸਾਹਿਬ ਸਥਾਪਤ ਕਰਕੇ ਦਿਨ-ਰਾਤ ਅਮੋਲਕ ਅਤੇ ਨਿਰਬਾਣ ਕੀਰਤਨ ਦੇ ਪ੍ਰਵਾਹ ਦੀ ਮਰਿਆਦਾ ਕਾਇਮ ਕਰ ਦਿੱਤੀ ਜੋ ਕਈ ਵਾਰੀ ਪ੍ਰਤੀਕੂਲ ਪ੍ਰਸਥਿਤੀਆਂ ਦਾ ਸਾਹਮਣਾ ਕਰਦੀ ਹੋਈ ਅਜੇ ਤੱਕ ਉਸੇ ਤਰ੍ਹਾਂ ਕਾਇਮ ਹੈ।

ਇਤਿਹਾਸਿਕ ਹਵਾਲਿਆਂ ਅਨੁਸਾਰ ਗੁਰੂਅਰਜਨ ਦੇਵ ਜੀ ਵੀ ਸਰੰਦੇ ਨਾਲ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਰਤਨ ਕਰਿਆ ਕਰਦੇ ਸਨ। ਕੀਰਤਨ ਕਰਨ ਲਈ ਸਰੰਦਾ ਆਪ ਦਾ ਮਨਭਾਉਂਦਾ ਸਾਜ਼ ਸੀ। ਸਰੰਦੇ 'ਤੇ ਜਦ ਗਜ਼ ਫੇਰਿਆ ਜਾਂਦਾ ਹੈ ਤਾਂ ਬੜੀ ਰਸੀਲੀ ਸੁਰ ਨਿਕਲਦੀ ਹੈ। ਗੁਰੂਅਰਜਨ ਦੇਵ ਜੀ ਨੇ ਇਹ ਸਾਜ਼ ਆਪਣੀ ਦੱਸੀ ਵਿਉਂਤ ਨਾਲ ਬਣਵਾਕੇ ਕੀਰਤਨ ਸਈ ਸਿੱਖਾਂ ਵਿਚ ਵੰਡੇ ਸਨ ਅਤੇ ਇਸ ਸਾਜ਼ ਨੂੰ ਵਜਾਉਣ ਦੀ ਜਾਚ ਵੀ ਆਪ ਸਿਖਾਉਂਦੇ ਸਨ। ਭਾਈ ਕੇਦਾਰ, ਝਾਝੂਅਤੇ ਮੁਕੰਦ ਵਰਗੇ ਪ੍ਰਸਿੱਧ ਰਾਗੀ ਰਬਾਬੀ ਵੀ ਗੁਰੂਅਰਜਨ ਦੇਵ ਜੀ ਸਮੇਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਰਤਨ ਕਰਿਆ ਕਰਦੇ ਸਨ। ਇਸ ਪ੍ਰਥਾਇ ਭਾਈ ਗੁਰਦਾਸਿ ਲਿਖਦੇ ਹਨ:

• ਝਾਂਝੂਅਤੇ ਮੁਕੰਦੁ ਹੈ ਕੀਰਤਨੁ ਕਰੈ ਹਜੂਰਿ ਕਿਦਾਰਾ॥

ਇਹ ਸਭ ਕੀਰਤਨੀਏ ਭਾਈ ਮਰਦਾਨੇ ਦੀ ਕੁਲ ਨਾਲ ਸਬੰਧਤ ਸਨ ਇਸ ਲਈ ਇਨ੍ਹਾਂ ਨੂੰ ਮੀਰਾਸੀ, ਰਬਾਬੀ ਜਾਂ ਮਰਦਾਨੇ ਕੇ ਕਹਿ ਕੇ ਬੁਲਾਇਆ ਜਾਂਦਾ ਸੀ। ਇਨ੍ਹਾਂ ਨੇ ਗੁਰਮਤਿ ਸੰਗੀਤ ਦਾ ਬਹੁਤ ਪ੍ਰਚਾਰ ਕੀਤਾ ਅਤੇ ਗੁਰੂਘਰ ਤੋਂ ਦਾਤਾਂ ਪ੍ਰਾਪਤ ਕੀਤੀਆਂ। ਇਨ੍ਹਾਂ ਵਿਚੋਂ ਭਾਈ ਸੱਤਾ ਅਤੇ ਭਾਈ ਬਲਵੰਡ ਦੀ ਜੋੜੀ ਦਾ ਗੁਰੂਘਰ ਦੀ ਕੀਰਤਨ ਪਰੰਪਰਾ ਦੇ ਪ੍ਰਚਾਰ ਅਤੇ ਪਰਸਾਰ ਵਿਚ ਵਿਸ਼ੇਸ਼ ਸਥਾਨ ਰਿਹਾ ਹੈ।

ਇਕ ਇਤਿਹਾਸਿਕ ਘਟਨਾ ਉਪਰੰਤ ਗੁਰੂਅਰਜਨ ਦੇਵ ਜੀ ਨੇ ਕੀਰਤਨ ਦੀ ਦਾਤ ਸਿੱਖ ਸੰਗਤਾਂ ਦੀ ਝੋਲੀ ਪਾਈ, ਜਿਸ ਨਾਲ ਕੀਰਤਨਕਾਰਾਂ ਦੀਆਂ ਦੋ ਸ਼੍ਰੇਣੀਆਂ ਪਰਚਾਰ ਵਿਚ ਆਈਆਂ: ਰਬਾਬੀ ਕੀਰਤਨੀਏ ਅਤੇ ਰਾਗ ਕੀਰਤਨਕਾਰ। ਇਕ ਵਾਰ ਭਾਈ ਸੱਤਾ ਅਤੇ ਭਾਈ ਬਲਵੰਡ ਨੂੰ ਲਾਲਚ ਅਤੇ ਅਭਿਮਾਨ ਨੇ ਅਜਿਹਾ ਗ੍ਰਸਿਆ ਕਿ ਗੁਰੂਦਰਬਾਰ ਵਿਚ ਕੀਰਤਨ ਕਰਨਾ ਛੱਡ ਦਿੱਤਾ। ਇਸ ਪ੍ਰਥਾਇ ਭਾਈ ਸੰਤੋਖ ਸਿੰਘ ਲਿਖਦੇ ਹਨ:

• ਸੁਨ ਸਤੈ ਬਲਵੰਡਹਿ ਕਹਯੋ॥ ਗੁਰ ਢਿਗ ਜਾਇ ਕਹਾਂ ਹਮ ਲਹਯੋ॥

ਜਬਿ ਹਮ ਕਿਰਤਨ ਕਰਹਿਂ ਬਨਾਇਂ॥ ਆਇ ਦੀਵਾਨ ਸਰਬ ਲਗ ਜਾਇ॥

ਸ੍ਰੀ ਅਰਜਨ ਵਿਚ ਬੈਠਹਿ ਆਈ॥ ਗੁਰੂਗੁਰੂਕਹਿੰ ਸਭਿ ਲਗਿ ਪਾਈ॥
ਅਨਿਕ ਉਪਾਇਨ ਆਨਿ ਚਢਾਵਹਿੰ॥ ਹੇਰਿ ਹੇਰਿ ਕਰਿ ਸੁਜਸ ਅਲਾਵਹਿੰ॥
· ਬਡੋ ਭ੍ਰਾਤ ਬਲਵੰਡ ਪਛਾਨੋ। ਸੱਤਾ ਤਾਂ ਕੋ ਅਨੁਜੁ ਪਛਾਨੋ।
ਧਨ ਬਿਨ ਦੁਹੂੰ ਭ੍ਰਾਤ ਦੁਖ ਪਾਯੋ। ਬਲਵੰਡ ਤਬ ਕਿਹ ਦੇਸ ਸਿਧਾਯੋ।
ਸੱਤਾ ਰਹਯੋ ਗੁਰੂਨਿਕਟਾਰੇ। ਗੁਰੂਅਰਜਨ ਤਿੰਹ ਖੇਦ ਨਿਵਾਰੇ।
ਸੱਤਾ ਗੁਰ ਢਿਗ ਕੀਰਤਨ ਕਰੈ। ਜੋ ਚਾਹੇ ਸੋਈ ਕਰ ਪਰੈ।
ਦੇਸ ਦੇਸ ਫਿਰ ਬਢ ਦੁਖ ਪਾਯੋ। ਬਲਵੰਡ ਤੋ ਸਤਿਗੁਰ ਢਿਗ ਆਯੋ।266।...
ਇਤਰ ਬੈਨ ਨ ਤੁਮ ਰਰੋ ਮੁਹਿ ਆਗਿਆ ਇਹ ਮਾਨ।
ਮਿਲ ਸੱਤੇ ਕੀਰਤਨ ਕਰੋ ਸੁਨੋ ਰਾਇ ਬੁਧਵਾਨ।268।...
ਦੋਊਭ੍ਰਾਤ ਮਿਲ ਰੁਚ ਸੋਂ ਗਾਵੈਂ। ਕਰ ਕੀਰਤਨ ਬਡ ਸੋਭਾ ਪਾਵੈਂ।...
ਰਾਇ ਬਲਵੰਡ ਸੱਤੇ ਤਬ ਕਹਾ। ਗੁਰ ਢਿਗ ਜਾਇ ਸੁ ਕਿਆ ਹਮ ਲਹਾ।
ਲਗੈ ਦੀਵਾਨ ਕੀਰਤਨ ਹਮ ਕਰੈਂ। ਗੁਰੂਗੁਰੂਤਾਂ ਕੋ ਜਗੁ ਰਰੈ।
ਹਮ ਬਿਨ ਪੂਜਾ ਕਰੈ ਨ ਕੋਈ। ਅਬ ਤੋ ਨਹਿ ਜਾਵਨ ਹਮ ਹੋਈ।
ਜਤਨ ਅਨੇਕ ਸਿਖ ਕਰ ਹਾਰੇ। ਨਾਂਹ ਨਾਂਹ ਤਿਨ ਬਚਨ ਉਚਾਰੇ।...
ਬਲਵੰਡ ਸੱਤੇ ਤਬ ਕਹਾ ਕਰੋ ਜਤਨ ਜੋ ਕੋਰ।
ਹਮ ਤੋ ਅਬ ਜਾਵੈ ਨਹੀਂ ਤੋਹਿੰ ਗੁਰੂਕੀ ਓਰ।...
ਤੈਸੇ ਸੀ ਗੁਰੂਤਹਾਂ ਸਿਧਾਏ। ਬਲਵੰਡ ਸੱਤੇ ਗ੍ਰਹਿ ਗੁਰ ਆਇ।...
ਗੁਰ ਅਰਜਨ ਨਿਜ ਨਿੰਦਾ ਸੁਨ ਕੈ। ਕਛੁ ਨ ਕ੍ਰੋਧ ਉਪਜਿਓ ਤਨ ਮਨ ਕੈ।
ਗੁਰ ਨਾਨਕ ਕੀ ਨਿੰਦ ਸੁਨੈ ਕੋਪ ਉਪਜਿਓ ਅਤਿ ਹੀ ਮਨੇ।
ਸ੍ਰੀ ਗੁਰੂਉਠੇ ਤਹਾਂ ਤਬ ਆਏ। ਥੜੇ ਬੈਠ ਜਿਸ ਕਾਰ ਕਢਾਏ।
ਥੜੇ ਬੈਠ ਦੀਵਾਨ ਲਗਾਯੋ। ਨਿਜ ਸਿੱਖਨ ਕੋ ਬਚਨ ਸੁਨਯੋ।
ਵਹਿ ਨਹੀਂ ਆਵੈਂ ਮਦ ਕੇ ਮਾਤੇ। ਤੁਮ ਹੀ ਕਰੋ ਰਾਗ ਅਬ ਤਾਂਤੇ।
ਵਿਦਯਾ ਰਾਗ ਸਭੀ ਤੁਮ ਪਾਵੋ। ਤਿਨ ਕਾ ਤੁਮ ਸਭ ਮਾਨ ਗਵਾਵੋ।...
ਰੋਗ ਗ੍ਰਸਤਿ ਬਯਾਕੁਲ ਭਏ ਭਣੋ ਰਬਾਬ ਸੁਲੋਪ।
ਮਾਂਗਨ ਜਾਵੈਂ ਜਿਸੈ ਗ੍ਰਿਹ ਆਗੇ ਹੋਵੈ ਕੋਪ।...
ਹੇ ਕਰੁਨਾਨਿਧ ਹੇ ਸੁਖਸਾਗਰ ਅਚੁਤ ਹੇ ਬਿਨਤੀ ਸੁਨ ਲੱਯੇ।
ਭੂਲ ਛਿਮੋ ਹਮਰੀ ਪ੍ਰਭ ਆਪਹਿ ਦਾਸ ਅਯੋ ਤੁਮਰੀ ਸਰਨਯੇ।...
ਤਬ ਲੱਧੈ ਪੁਨ ਬਿਨਤ ਉਚਾਰੀ। ਇਨ ਕੋ ਬਖਸ਼ ਪ੍ਰਭੂਦੁਖ ਟਾਰੀ।
ਦੇਹ ਅਰੋਗ ਇਨਕੀ ਅਬ ਕੱਯੈ। ਗਾਵੈਂ ਸਬਦ ਰਬਾਬ ਦਿਵੱਯੇ।
ਸ੍ਰੀ ਗੁਰ ਕਹਾ ਨਿੰਦ ਗੁਰ ਕੀਨੀ। ਦੇਹ ਰੋਗ ਤਾਂਤੇ ਇਨ ਲੀਨੀ।
ਜਿੱਹ ਮੁਖਸੋਂ ਗੁਰ ਨਿੰਦ ਕਰੀ। ਤਾਸੋਂ ਉਪਮ ਕਰੈਂ ਦੁਖ ਟਰੀ।...
ਦੁਖ ਭੰਜਨ ਤਿਨ ਮੱਜਨ ਕੀਨਾ। ਬਲਵੰਡ ਸੱਤੇ ਆਨੰਦ ਲੀਨਾ।315।

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, ਜਦੋਂ ਸਿੱਖਾਂ ਦੇ ਬੁਲਾਏ ਇਹ ਨਾ ਆਏ ਤਦ ਕ੍ਰਿਪਾਲੂਸਤਿਗੁਰੂਜੀ ਆਪ ਬੁਲਾਉਣ ਗਦੇ, ਇਸ ਪੁਰ ਉਨ੍ਹਾਂ ਕੇਵਲ ਪੰਜਵੇਂ ਗੁਰੂਜੀ ਦਾ ਹੀ ਨਿਰਾਦਰ ਨਹੀਂ ਕੀਤਾ ਸਗੋਂ ਗੁਰੂਨਾਨਕ ਦੇਵ ਜੀ ਦੀ

ਨਿੰਦਾ ਕੀਤੀ ਜਿਸ ਕਰਕੇ ਇਹ ਦਰਬਾਰੋਂ ਖਾਰਜ ਕੀਤੇ ਗਏ ਅਤੇ ਦੋਹਾਂ ਦੇ ਸਰੀਰ ਕੁਸ਼ਟੀ ਹੋ ਗਏ। ਇਸ ਸਮੇਂ ਗੁਰੂਸਾਹਿਬ ਨੇ ਆਪ ਸਿੱਖ ਸੰਗਤਾਂ ਨੂੰ ਕੀਰਤਨ ਗਾਇਨ ਕਰਨ ਦਾ ਆਦੇਸ਼ ਦਿੱਤਾ। ਇਸ ਪ੍ਰਥਾਇ ਭਾਈ ਸੰਤੋਖ ਸਿੰਘ ਲਿਖਦੇ ਹਨ:

· ਇਵ ਕਹਿ ਸਤਿਗੁਰ ਆਇ ਕਰ ਥਲ ਥੜੇ ਸੁਹਾਇ।
ਸਭਿ ਸੰਗਤਿ ਇਕਠੀ ਭਈ ਦੀਵਾਨ ਲਗਾਏ॥
ਸਿੱਖਨਿ ਕੋ ਆਇਸੁ ਕਈ ਤੁਮ ਰਾਗ ਸੁਨਾਵਹੁ॥
ਗਹਯੋ ਦੁਤਾਰਾ ਸਿਖ ਕਿਹ ਕਿਨ ਗਹੀ ਰਬਾਬੰ॥
ਹੋਇ ਨਿਸ਼ੰਕ ਗਾਵਨਿ ਲਗੇ ਸਬ ਭਏ ਅਜਾਬੰ॥
ਬਚਨ ਮਾਨਿਬੇ ਗੁਰ ਕੋ ਬਿਦਿਆ ਸਭਿ ਪਾਈ॥
ਜਾਨਤ ਹੁਤੇ ਨ ਰਾਗ ਕੋ ਗਾਵਤਿ ਬਿਸਮਾਈ॥
ਸੁਨ ਸਿੱਖਨ ਕੇ ਰਾਗ ਕੋ ਗੁਰ ਭਏ ਪ੍ਰਸੰਨਾ॥
ਬਰ ਕੀਨੋ ਪ੍ਰੇਮ ਜੁਤਿ ਹਮਰੋ ਬਚ ਮੰਨਾ॥
ਅਬਿ ਤੇ ਬਿਦਿਆ ਰਾਗ ਕੀ ਸਿਖਨ ਮਹਿ ਆਈ।
ਗਾਵਹਿੰ ਸੁਨਿਹਿੰ ਸੁ ਪ੍ਰੀਤ ਧਰਿ ਲੇਂ ਸ਼ੁਭ ਗਤਿ ਪਾਈ॥

ਇਸ ਘਟਨਾ ਉਪਰੰਤ ਕੀਰਤਨ ਗਾਇਨ ਪਰੰਪਰਾ ਵਿਸ਼ੇਸ਼ ਗਾਇਕ ਸ਼੍ਰੇਣੀ ਵਿਚੋਂ ਨਿਕਲ ਕੇ ਸਾਧਾਰਨ ਲੋਕਾਂ ਵਿਚ ਵਿਚਰਨ ਲੱਗੀ। ਇਸ ਪ੍ਰਕਾਰ ਗੁਰਬਾਣੀ ਕੀਰਤਨ ਕਿਰਿਆਤਮਕ ਤੌਰ ਤੇ ਰਾਗੀ, ਰਬਾਬੀ-ਕਸਬੀ ਲੋਕਾਂ ਅਤੇ ਅਸਿਖਿਅਕ ਸਾਧਾਰਨ ਲੋਕਾਂ, ਦੋਹਾਂ ਵਰਗਾਂ ਵਿਚ ਮਕਬੂਲ ਹੋਈ। ਆਪ ਨੇ ਜਨ-ਸਾਧਾਰਨ ਨੂੰ ਕਲਯੁਗ ਮਹਿ ਕੀਰਤਨ ਪਰਧਾਨੋ ਦੇ ਮਾਰਗ ਤੇ ਤੋਰਿਆ। ਸ੍ਰੀ ਗੁਰੂਅਰਜਨ ਦੇਵ ਜੀ ਦੇ ਸਮੇਂ ਤੋਂ ਲੈ ਕੇ ਇਹ ਪਰੰਪਰਾ ਇਨ੍ਹਾਂ ਦੋਹਾਂ ਰੂਪਾਂ ਵਿਚ ਪਰਚਾਰ ਹਿਤ ਨਿਰੰਤਰ ਜਾਰੀ ਹੈ।

ਸ੍ਰੀ ਗੁਰੂਅਰਜਨ ਦੇਵ ਜੀ ਨੇ ਗੁਰਮਤਿ ਸੰਗੀਤ ਦੇ ਪ੍ਰਚਲਨ ਲਈ ਤਰਨਤਾਰਨ ਸਾਹਿਬ ਨੂੰ ਕੀਰਤਨ ਕੇਂਦਰ ਵਜੋਂ ਸਥਾਪਤ ਕੀਤਾ ਅਤੇ ਗੁਰੂਰਾਮਦਾਸ ਜੀ ਦੁਆਰਾ ਗੁਰੂਕੇ ਚੱਕ ਵਿਖੇ ਆਰੰਭੇ ਗਏ ਕਾਰਜ ਵੀ ਸੰਪਨ ਕਰਵਾਏ। ਗੁਰੂਨਾਨਕ ਦੇਵ ਜੀ ਦੁਆਰਾ ਪ੍ਰਚਲਿਤ ਕੀਰਤਨ ਗਾਇਨ ਪਰੰਪਰਾ ਨੂੰ ਆਪਣੇ ਮੌਲਿਕ ਵਿਸ਼ਿਸ਼ਵਤਾਵਾਂ ਸਹਿਤ ਉਜਾਗਰ ਕੀਤਾ। ਸ਼ਬਦ ਕੀਰਤਨ ਦੀ ਵਿਲੱਖਣ ਪ੍ਰਥਾ ਗੁਰੂਅਰਜਨ ਦੇਵ ਜੀ ਦੇ ਸਮੇਂ ਸਿਖਰ ਤੇ ਪਹੁੰਚ ਚੁੱਕੀ ਸੀ। ਗੁਰੂਜੀ ਨੇ ਇਸ ਕੀਰਤਨ ਪਰੰਪਰਾ ਨੂੰ ਮਜਬੂਤੀ ਪ੍ਰਦਾਨ ਕਰਦੇ ਹੋਏ ਇਸ ਨੂੰ ਸਿੱਖੀ ਜੀਵਨ ਦਾ ਅਨਿੱਖੜ ਅੰਗ ਬਣਾ ਦਿੱਤਾ।

ਗੁਰੂਸਾਹਿਬ ਨੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਕੀਰਤਨ ਦੀ ਵਿਸ਼ੇਸ਼ ਪ੍ਰਥਾ ਆਰੰਭੀ। ਇਕ ਹਵਾਲੇ ਅਨੁਸਾਰ ਸ੍ਰੀ ਗੁਰੂਅਰਜਨ ਸਾਹਿਬ ਦੇ ਸੁਰੰਦਾ (ਸੂਰੰਧਾ) ਸਾਜ਼ ਰਜ ਕੇ ਪ੍ਰੇਮੀ ਸਿੱਖਾਂ ਨੂੰ ਸੰਗੀਤ ਵਿਦਯਾ ਆਪ ਸਿਖਾਈ ਅਤੇ ਸ਼ਬਦਾਂ ਦੀਆਂ ਮਨੋਹਰ ਧਾਰਣਾ, ਦੱਸੀਆਂ, ਅਰ ਨਿਤ ਕੀਰਤਨ ਦੀਆਂ ਚਾਰ ਚੌਕੀਆਂ ਦੀ ਮਰਯਾਦਾ ਥਾਪੀ, ਜੋ ਇਸ ਵੇਲੇ ਤੱਕ ਹਰਿਮੰਦਰ ਆਦਿਕ ਪ੍ਰਸਿੱਧ ਗੁਰਧਾਮਾਂ ਵਿਚ ਕਾਯਮ ਹੈ। ਇਹ ਚਾਰ ਚੌਕੀਆਂ ਹੇਠ ਲਿਖੇ ਅਨੁਸਾਰ ਲਗਾਈਆਂ ਜਾਂਦੀਆਂ ਸਨ।

1. ਅੰਮ੍ਰਿਤ ਵੇਲੇ ਆਸਾ ਦੀ ਵਾਰ ਦੀ ਚਉਕੀ।
2. ਸਵਾ ਪਹਿਰ ਦਿਨ ਚੜ੍ਹੇ ਚਰਨ ਕਮਲ ਦੀ ਚਉਕੀ, ਜਿਸ ਵਿਚ ਬਿਲਾਵਾ ਦਾ ਸ਼ਬਦ ਚਰਨ ਕਮਲ ਪ੍ਰਭੁ ਹਿਰਦੈ ਧਿਆਏ ਗਾਇਆ ਜਾਂਦਾ ਹੈ। ਇਸ ਨੂੰ ਬਿਲਾਵਲ ਦੀ ਚਉਕੀ ਵੀ ਆਖਦੇ ਹਨ।
3. ਆਥਣ ਵੇਲੇ ਰਹਿਰਾਸ ਤੋਂ ਪਹਿਲਾਂ ਸੋ-ਦਰੁ ਦੀ ਚਉਕੀ, ਜਿਸ ਵਿਚ ਸੋ-ਦਰੁ ਤੇਰਾ ਕੇਹਾ ਸੋ ਘਰੁ ਕੇਹਾ ਸ਼ਬਦ ਗਾਇਆ ਜਾਂਦਾ ਹੈ।
4. ਚਾਰ ਘੜੀ ਰਾਤ ਬੀਤਣ ਪਰ ਕਲਯਾਨ ਦੀ ਚਉਕੀ ਜਿਸ ਵਿਚ ਕਲਯਾਨ ਰਾਗ ਦੇ ਸ਼ਬਦ ਗਾਏ ਜਾਂਦੇ ਹਨ।

ਇਸ ਵਿਚ ਕਾਨੜ੍ਹੇ ਆਦਿ ਰਾਗ ਦੇ ਸ਼ਬਦ ਵੀ ਗਾਏ ਜਾਂਦੇ ਹਨ ਪਰ ਮੁੱਖ ਕਲਯਾਣ ਹੋਣ ਕਰਕੇ ਇਹ ਸੰਗਯਾ ਹੈ।

**ਗੁਰੂ ਹਰਿਗੋਬਿੰਦ ਸਾਹਿਬ** ਦੇ ਸਮਾਂ ਗੁਰਮਤਿ ਸੰਗੀਤ ਦੀ ਕੀਰਤਨ ਚੌਕੀ ਪਰੰਪਰਾ ਲਈ ਚਣੌਤੀਆਂ ਭਰਿਆ ਰਿਹਾ। ਗੁਰੂ ਅਰਜਨ ਦੇਵ ਜੀ ਦੇ ਜੋਤੀ ਜੋਤਿ ਸਮਾਉਣ ਉਪਰੰਤ ਸਿੱਖਾਂ ਦੇ ਛੇਵੇਂ ਗੁਰੂ ਹਰਿਗੋਬਿੰਦ ਜੀ ਨੇ ਕੀਰਤਨ ਦੇ ਵਿਕਾਸ ਵਿਚ ਯੋਗਦਾਨ ਪਾਉਂਦਿਆਂ ਪੂਰਵਲੀ ਕੀਰਤਨ ਪਰੰਪਰਾ ਦਾ ਪ੍ਰਵਾਹ ਨਿਰੰਤਰ ਜਾਰੀ ਰੱਖਿਆ। ਭਾਈ ਸੰਤੋਖ ਸਿੰਘ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਲਿਖਦੇ ਹਨ:

· ਕਰਹਿ ਰਬਾਬੀ ਕੀਰਤਨ ਘਨੇ॥ ਸਬਿ ਸਿਖ ਗਾਂਇ ਜਿ ਰਾਗੀ ਬਨੇ॥

ਗੁਰੂ ਅਰਜਨ ਦੇਵ ਜੀ ਦੀ ਕ੍ਰਿਪਾ ਨਾਲ ਰਬਾਬੀ ਕੀਰਤਨੀਆਂ ਦੇ ਨਾਲ ਨਾਲ ਸਿੱਖ ਸੰਗਤਾਂ ਵੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨ ਲਗੀਆਂ। ਸਿੱਖ ਰਾਗੀ ਜਥਿਆਂ ਦੀ ਪਰੰਪਰਾ ਆਰੰਭ ਹੋਈ। ਗੁਰੂਹਰਿਗੋਬਿੰਦ ਸਾਹਿਬ ਨੇ ਸਮੇਂ ਦੀ ਨਜਾਕਤ ਨੂੰ ਸਮਝਦੇ ਹੋਏ ਗੁਰਬਾਣੀ ਕੀਰਤਨ ਦੇ ਨਾਲ ਨਾਲ ਵੀਰ ਰਸ ਦੀਆਂ ਵਾਰਾਂ ਦੇ ਗਾਇਨ ਨੂੰ ਵਿਸੇਸ਼ ਸਰਪ੍ਰਸਤੀ ਪ੍ਰਦਾਨ ਕੀਤੀ। ਗੁਰੂਗ੍ਰੰਥ ਸਾਹਿਬ ਵਿਚ 22 ਵਾਰਾਂ ਦਰਜ ਹਨ ਜਿਨ੍ਹਾਂ ਵਿਚੋਂ ਨੌ ਵਾਰਾਂ 'ਤੇ ਗਾਇਨ ਹਿਤ ਧੁਨੀਆਂ ਦੇ ਰੂਪ ਵਿਚ ਸੰਗੀਤਕ ਸਿਰਲੇਖ ਦਰਜ ਹਨ। ਆਪ ਨੇ ਇਨ੍ਹਾਂ ਨੌ ਵਾਰਾਂ 'ਤੇ ਅੰਕਿਤ ਧੁਨੀਆਂ ਦੇ ਵਿਵਹਾਰਿਕ ਪ੍ਰਚੱਲਨ ਵਿੱਚ ਵਿਸ਼ੇਸ਼ ਯੋਗਦਾਨ ਪਾਇਆ। ਸ੍ਰੀ ਹਰਿਗੋਬਿੰਦ ਸਾਹਿਬ ਦੀ ਗੱਦੀਨਸ਼ੀਨੀ ਵੇਲੇ ਭਾਈ ਅਬਦੁੱਲਾ ਨੇ ਭਾਈ ਨੱਥਮਲ ਨਾਲ ਰਲ ਕੇ ਇਤਿਹਾਸਕ ਵਾਰਾਂ ਦਾ ਗਾਇਨ ਕੀਤਾ ਸੀ।

· ਨੱਥ ਢੱਡ ਬਜਾਇਆ ਅਬਦੁੱਲਾ ਹਥ ਰਬਾਬ।

· ਅਬਦੁੱਲਾ ਢਾਢੀ ਜਸ ਸਨਾਇ।

ਪਹਿਲੀ ਪਾਤਸ਼ਾਹੀ ਨੇ ਗੁਰਬਾਣੀ ਦੇ ਗਾਇਨ ਲਈ ਰਬਾਬ ਦਾ ਪ੍ਰਯੋਗ ਕੀਤਾ, ਗੁਰੂਅਮਰ ਦਾਸ ਅਤੇ ਗੁਰੂਅਰਜਨ ਦੇਵ ਜੀ ਨੇ ਸਰੰਦੋ ਦੀ ਦਾਤ ਸਿੱਖ ਕੀਰਤਨੀਆਂ ਨੂੰ ਬਖ਼ਸ਼ੀ, ਸ੍ਰੀ ਗੁਰੂਹਰਿਗੋਬਿੰਦ ਜੀ ਨੇ ਸਮੇਂ ਦੇ ਹਲਾਤਾਂ ਦਾ ਸਾਹਮਣਾ ਕਰਨ ਅਤੇ ਸੰਗਤਾਂ ਵਿੱਚ ਵੀਰ ਰਸ ਦੇ ਸੰਚਾਰ ਲਈਂ ਢੱਢ ਸਾਰੰਗੀ ਦੇ ਸਮੂਹਿਕ ਪ੍ਰਯੋਗ ਦੀ ਪਿਰਤ ਪਾਈ। ਇਸ ਤਰ੍ਹਾਂ ਗੁਰੂਘਰ ਦੇ ਕੀਰਤਨੀਆਂ ਵਿਚ ਇਕ ਨਵੀਂ ਜਾਗ੍ਰਿਤੀ ਆਈ।

ਇਸ ਕਾਲ ਵਿਚ ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਸਿਧ ਰਬਾਬੀਆਂ ਵਿਚੋਂ ਭਾਈ ਬਾਬਕ (1642 ਈ.) ਉਚ ਕੋਟੀ ਦੇ ਸੰਗੀਤਕਾਰ ਹੋਣ ਹੋਣ ਦੇ ਨਾਲ ਨਾਲ ਇਕ ਉਘੇ ਬਹਾਦਰ ਯੋਧਾ ਵੀ ਸਨ। ਉਨ੍ਹਾਂ ਸ੍ਰੀ ਅੰਮ੍ਰਿਤਸਰ ਦੀ ਲੜਾਈ ਵਿੱਚ ਚੋਖੀ ਵੀਰਤਾ ਦਿਖਾਈ ਸੀ।

ਆਪ ਦੇ ਸਮੇਂ ਸ੍ਰੀ ਹਰਿਮੰਦਰ ਸਾਹਿਬ ਵਿੱਚ ਰਾਗਾਤਮਕ ਸ਼ਬਦ ਕੀਰਤਨ ਦੀਆਂ ਚੌਕੀਆਂ ਚਾਰ ਤੋਂ ਪੰਜ ਹੋ ਗਈਆਂ। ਕਵਿ ਸੋਹਣ ਸਿੰਘ ਗੁਰ ਬਿਲਾਸ ਪਾਤਸ਼ਾਹੀ ਛੇਵੀਂ ਵਿਚ ਲਿਖਦੇ ਹਨ:

· ਚੌਕੀ ਪਾਂਚ ਸਬਦ ਕੀ ਸੁਣੈ॥ ਪਾਛੇ ਗੁਰ ਨਾਨਕ ਜਸ ਗੁਣੈ॥

ਰਹੀ ਜਾਮ ਨਿਸ ਆਸਾ ਵਾਰ॥ ਕਰ ਇਸਨਾਨ ਸੁਣੈ ਹਿਤ ਧਾਰ॥

ਪਾਛੈ ਅਰਧ ਜਾਮ ਦਿਨ ਆਏ॥ ਚੌਕੀ ਆਨੰਦ ਸੁਨੇ ਮਨਿ ਆਏ॥

ਸਵਾ ਜਾਮ ਦਿਨ ਕੇ ਚੜੇ ਚੌਕੀ ਤ੍ਰਿਤਿ ਸੁਨਾਈ॥

ਚਰਨ ਕਮਲ ਕੀ ਪ੍ਰੇਮ ਸੋ ਧੁਨ ਪ੍ਰਸਾਦਿ ਛਕਾਇ॥

ਬਹੁਰੇ ਅਰਧ ਜਾਮ ਦਿਨ ਰਹੇ॥ ਸ੍ਰੀ ਗੁਰ ਆਦਿ ਤਖ਼ਤ ਪਰ ਬਹੈ॥

ਸੋ ਦਰੁ ਚੌਕੀ ਲਾਏ ਦੀਵਾਨ॥ਚਤਰਕ ਸੁਨੈ ਅਧਿਕ ਸੁਖ ਮਾਨ॥

ਪੰਚਮ ਚੌਕੀ ਕਾਨੜ੍ਹਾ ਗਾਵੈ॥ ਸੋਹਿਲਾ ਸੁਨ ਬਿਸਰਾਮ ਸੋ ਪਾਵੈ॥

ਆਪ ਨੇ ਕੀਰਤਪੁਰ ਸਾਹਿਬ ਨੂੰ ਕੀਰਤਨ ਕੇਂਦਰ ਵਜੋਂ ਸਥਾਪਤ ਕੀਤਾ। ਇਤੇ ਸਵੇਰੇ ਸ਼ਾਮ ਗੁਰਬਾਣੀ ਦਾ ਗਾਇਨ ਕੀਤਾ ਜਾਂਦਾ ਸੀ। ਗੁਰੂਹਰਿਗੋਬਿੰਦ ਸਾਹਿਬ ਦੇ ਦਰਬਾਰ ਵਿੱਚ ਭਾਈ ਬਾਬਕ, ਭਾਈ ਛਬੀਲਾ, ਭਾਈ ਅਬਦੁੱਲਾ, ਭਾਈ ਬਨਵਾਲੀ ਅਤੇ ਪਰਸ ਰਾਮ ਆਦਿ ਕੀਰਤਨ ਦੁਆਰਾ ਹਾਜ਼ਰੀ ਭਰਦੇ ਰਹੇ ਹਨ।

**ਗੁਰੂ ਹਰਿ ਰਾਇ ਜੀ**: ਇਸ ਸਮੇਂ ਤਕ ਸਿੱਖੀ ਦਾ ਕੇਂਦਰ ਅੰਮ੍ਰਿਤਸਰ ਤੋਂ ਕੀਰਤਪੁਰ ਤਬਦੀਲ ਹੋ ਚੁੱਕਾ ਸੀ। ਜਦ 1645 ਈ. ਵਿਚ ਸ਼ਾਹਜਹਾਨ ਦੇ ਹੁਕਮ ਨਾਲ ਨਜਾਬਤ ਖ਼ਾਨ ਨੇ ਰਾਜਾ ਤਾਰਾ ਚੰਦ ਦੇ ਇਲਾਕੇ ਤੇ ਆਕ੍ਰਮਣ ਕੀਤਾ ਤੇ ਸਉਸ ਨੂੰ ਕੈਦੀ ਬਣਾ ਲਿਆ ਤਾਂ ਗੁਰੂਹਰਿਰਾਏ ਸਾਹਿਬ ਥਪਾਲ (ਟਕਸਾਲ) ਕਸੌਲੀ ਦੇ ਨੇੜੇ ਚਲੇ ਗਏ। ਇਹ ਇਲਾਕਾ ਸਿਰਮੌਰ ਤੋਂ ਦੂਰ ਨਹੀਂ ਅਤੇ ਰਾਜਾ ਪ੍ਰਕਾਸ਼ ਦੇ ਰਾਜ ਵਿਚ ਸੀ। ਗੁਰੂਸਾਹਿਬ ਜੀ ਸਿੱਖ ਸਰਗਰਮੀਆਂ ਦੇ ਕੇਂਦਰ ਸ੍ਰੀ ਅੰਮ੍ਰਿਤਸਰ, ਕਰਤਾਰਪੁਰ, ਖਡੂਰ ਸਾਹਿਬ, ਕੀਰਤਪੁਰ ਆਇ ਤੋਂ ਦੂਰ ਹੋ ਗਏ ਪਰ ਆਪ ਨੇ ਸਿੱਖੀ ਦੇ ਪਰਚਾਰ ਅਤੇ ਮਰਿਆਦਾ ਨੂੰ ਜਾਰੀ ਰੱਖਦੇ ਮਾਝਾ ਤੇ ਦੁਆਬੇ ਦਾ ਭ੍ਰਮਣ ਸ਼ੁਰੂ ਕੀਤਾ। ਆਪ ਜੀ ਦੀ ਗੁਰਿਆਈ ਸਮੇਂ ਹੀ ਫੂਲਕੀਆਂ ਰਾਜਿਆਂ ਨੇ ਸਿੱਖ ਧਰਮ ਵਿਚ ਪ੍ਰਵੇਸ਼ ਕੀਤਾ।

ਗੁਰੂਹਰਿ ਰਾਇ ਸਾਹਿਬ ਦੇ ਸਮੇਂ ਭਾਈ ਜੱਸ, ਭਾਈ ਦਰਿਆ, ਭਾਈ ਚਤਰਾ, ਭਾਈ ਨੱਥੂ, ਭਾਈ ਸੇਵਾ, ਭਾਈ ਰੱਤਾ ਇਹ ਰਬਾਬੀ ਕੀਰਤਨੀਏ ਸ੍ਰੀ ਗੁਰੂਹਰਿ ਰਾਇ ਜੀ ਦੇ ਸਮੇਂ ਵੱਖ ਵੱਖ ਕੀਰਤਨ ਚਉਕੀਆਂ ਤੇ ਸਮਾਗਮਾਂ ਵਿਚ ਕੀਰਤਨ ਕਰਿਆ ਕਰਦੇ ਸਨ।

**ਗੁਰੂ ਹਰਿ ਕ੍ਰਿਸ਼ਨ ਜੀ** ਦਾ ਜਨਮ ਕੀਰਤਪੁਰ ਵਿਖੇ 1656 ਈ. ਵਿਚ ਹੋਇਆ ਅਤੇ 1661 ਈ. ਵਿਚ ਆਪ ਗੁਰਗੱਦੀ ਉਤੇ ਬਿਰਾਜਮਾਨ ਹੋਏ। ਗੁਰੂਘਰ ਦੇ ਇਤਿਹਾਸ ਵਿਚ ਇਹ ਇਕ ਅਦੁੱਤੀ ਘਟਨਾ ਸੀ ਕਿ ਪੰਜ ਸਾਲ ਦੇ ਦੈਵੀ ਬਾਲਕ ਨੂੰ ਗੁਰਗੱਦੀ ਉਤੇ ਬਿਰਾਜਮਾਨ ਕੀਤਾ ਗਿਆ। ਕੇਵਲ ਢਾਈ ਕੁ ਸਾਲ ਗੁਰਿਆਈ ਪਦ ਸੰਭਾਲਣ ਤੋਂ ਬਾਅਦ ਆਪ ਦਿੱਲੀ ਵਿਖੇ ਜੋਤੀ ਜੋਤਿ ਸਮਾ ਗਏ। ਆਪ ਨੇ ਅੰਤਲੇ ਸਮੇਂ ਆਪਣੇ ਉਤਰਾਧਿਕਾਰੀ ਬਾਰੇ ਇਨ੍ਹਾਂ ਸ਼ਬਦਾਂ ਦਾ ਹੀ ਸੰਕੇਤ ਕੀਤਾ ਕਿ ਬਾਬਾ ਬਕਾਲੇ। ਇਹ ਇਸ਼ਾਰਾ ਗੁਰੂਤੇਗ਼ਬਹਾਦਰ ਜੀ ਵੱਲ ਸੀ। ਆਪ ਨੇ ਔਰੰਗਜ਼ੇਬ ਵਲੋਂ ਕਈ ਵਾਰ ਕਹਿਣ ਤੇ ਵੀ ਉਸ ਨੂੰ ਦਰਸ਼ਨ ਨਹੀਂ ਦਿੱਤੇ। ਆਪ ਦੇ ਸਮੇਂ ਭਗਤ ਭਗਵਾਨ, ਫੇਰੂ ਅਤੇ ਗਿਡਾ ਕੀਰਤਨ ਦੀ ਹਾਜ਼ਰੀ ਭਰਦੇ ਰਹੇ। ਡਾਕਟਰ ਗੁਰਨਾਮ ਸਿੰਘ ਅਨੁਸਾਰ, ਆਪ ਦੇ ਦਰਬਾਰ ਵਿਚ ਰਾਗਾਤਮਿਕ ਕੀਰਤਨ ਤੋਂ ਇਲਾਵਾ ਜੋਟੀਆ ਤੇ ਧਾਰਣਾਵਾਂ ਦੇ ਕੀਰਤਨ ਦਾ ਪਰਵਾਹ ਵੀ ਨਿਰੰਤਰ ਚਲਦਾ ਸੀ।

**ਗੁਰੂ ਤੇਗ਼ ਬਹਾਦਰ ਜੀ** ਨੇ ਆਨੰਦਪੁਰ ਸਾਹਿਬ ਨੂੰ ਸਿੱਖ ਪਰੰਪਰਾਵਾਂ ਦੇ ਵਿਵਹਾਰਕ ਕੇਂਦਰ ਵਜੋਂ ਉਜਾਗਰ ਕੀਤਾ। ਗੁਰੂਤੇਗ਼ਬਹਾਦਰ ਜੀ ਦਾ ਜੀਵਨ ਵਚਿੱਤਰਤਾਵਾਂ ਭਰਪੂਰ ਸੀ। ਆਪ ਮਹਾਨ ਤਪੱਸਵੀ, ਤੇਗ਼ਦੇ ਧਨੀ, ਸ਼ਹਾਦਤ ਦੇ ਪੁੰਜ ਅਤੇ ਵਿਲੱਖਣ ਬਾਣੀ ਦੇ ਰਚੈਤਾ ਸਨ। 1664 ਈ. ਵਿੱਚ ਗੁਰਿਆਈ ਗੱਦੀ ਸੰਭਾਲਣ ਉਪਰੰਤ ਆਪ ਨੇ ਆਨੰਦਪੁਰ ਸਾਹਿਬ ਨੂੰ ਹੀ ਆਪਣੀਆਂ ਸਰਗਰਮੀਆਂ ਦਾ ਕੇਂਦਰ ਬਣਾਇਆ। ਆਪ ਦੁਆਰਾ ਰਚੀ ਗਈ ਬਾਣੀ ਸ੍ਰੀ ਗੁਰੂਗ੍ਰੰਥ ਸਾਹਿਬ ਵਿਚ ਵਿਲੱਖਣਤਾ ਤੇ ਮੌਲਿਕਤਾ ਦੀ ਧਾਰਣੀ ਹੈ।

ਗੁਰੂਤੇਗ ਬਹਾਦਰ ਜੀ ਨੇ ਪੂਰਵਲੇ ਗੁਰੂਸਾਹਿਬਾਨ ਦੁਆਰਾ ਚਲਾਈ ਗਈ ਗੁਰਮਤਿ ਸੰਗੀਤ ਦੀ ਪਰੰਪਰਾ ਨੂਮ ਸਰਪ੍ਰਸਤੀ ਪ੍ਰਦਾਨ ਕੀਤੀ ਅਤੇ ਇਸ ਦੇ ਵਿਕਾਸ ਵਿਚ ਭਰਪੂਰ ਯੋਗਦਾਨ ਪਾਇਆ। ਆਪ ਖੁਦ ਮ੍ਰਿਦੰਗ ਵਾਦਨ ਵਿਚ ਨਿਪੁਣ ਸਨ। ਡਾ. ਗਰਨਾਮ ਸਿੰਘ ਅਨੁਸਾਰ ਆਪ ਦਾ ਮ੍ਰਿਦੰਗ ਅੱਜ ਵੀ ਜੌਨਪੁਰ ਦੇ ਗੁਰਦੁਆਰਾ ਮ੍ਰਿਦੰਗਾਵਲੀ ਸਾਹਿਬ ਵਿਖੇ ਪਿਆ ਹੈ।

**ਗੁਰੂ ਗੋਬਿੰਦ ਸਿੰਘ ਜੀ**: ਸਿੱਖਾਂ ਦੇ ਦਸਵੇਂ ਗੁਰੂਗੋਬਿੰਦ ਸਿੰਘ ਜੀ ਨੇ ਆਨੰਦਪੁਰ ਸਾਹਿਬ, ਪਾਉਂਟਾ ਸਾਹਿਬ ਅਤੇ ਦਰਦਮਾ ਸਾਹਿਬ ਆਦਿ ਗੁਰਦੁਆਰਾ ਸਾਹਿਬਾਨ ਦੀ ਪਾਵਨ ਧਰਤ ਉ ਤੇ ਸਿੱਖ ਧਰਮ ਦੀ ਕੀਰਤਨ ਪਰੰਪਰਾ ਨੂੰ ਪੂਰਵ ਪ੍ਰਚੱਲਿਤ ਮਰਿਆਦਾ ਅਨੁਸਾਰ ਨਿਰੰਤਰ ਬਰਕਰਾਰ ਰੱਖਿਆ। ਆਪ ਨੇ ਦਮਦਮਾ ਸਾਹਿਬ ਵਿਖੇ ਭਾਈ ਮਨੀ ਸਿੰਘ ਜੀ ਤੋਂ ਗੁਰੂਗ੍ਰੰਥ ਸਾਹਿਬ ਦੇ ਪਾਵਨ ਸਰੂਪ ਦੀ ਲਿਖਾਈ ਮੁੜ ਕਰਵਾਈ ਜਿਸ ਵਿਚ ਨੌਵੇਂ ਗੁਰੂਤੇਗ਼ਬਹਾਦਰ ਸਾਹਿਬ ਜੀ ਦੀ ਬਾਣੀ ਦਾ ਅੰਕਣ ਵੀ ਕੀਤਾ। ਦਸਮ ਗ੍ਰੰਥ, ਸਰਬ ਲੋਹ ਗ੍ਰੰਥ ਐਸੇ ਵਿਸ਼ੇਸ ਗ੍ਰੰਥ ਹਨ ਜਿਨ੍ਹਾਂ ਵਿਚ ਕੀਰਤਨ ਹਿਤ ਵਿਸ਼ੇਸ ਬਾਣੀਆਂ, ਵਿਭਿੰਨ ਗਾਇਨ ਸ਼ੈਲੀਆਂ ਅਤੇ ਅਨੇਕ ਰਾਗਾਂ ਦਾ ਵਰਣਨ ਮਿਲਦਾ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਕੀਰਤਨ ਦੇ ਮਹੱਤਵ ਨੂੰ ਵਿਸ਼ੇਸ਼ ਰੂਪ ਵਿਚ ਉਜਾਗਰ ਕੀਤਾ। ਜੰਗਾਂ-ਯੁੱਧਾਂ ਅਤੇ ਬਿੱਖੜੇ ਸਮਿਆਂ ਵਿਚ ਵੀ ਸਵੇਰੇ ਆਸਾ ਦੀ ਵਾਰ ਦਾ ਨਿਤਨੇਮ ਨਿਭਾਉਂਦੇ ਰਹੇ। ਮੰਡੀ ਰਿਆਸਤ ਵਿਚ ਆਪਦਾ ਰਬਾਬ ਅਜੇ ਵੀ ਪਿਆ ਹੈ। ਸ਼ਬਦ ਕੀਰਤਨ ਦੇ ਫਲ ਅਤੇ ਮਹਾਤਮ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਰਵਸ੍ਰੇਸ਼ਟ ਮੰਨਦੇ ਸਨ। ਕੀਰਤਨ ਦੀ ਮਹੱਤਤਾ ਅਤੇ ਕਲਯੁੱਗ ਵਿਚ ਕੀਰਤਨ ਨੂੰ ਹੀ ਜੀਵਨ ਦਾ ਆਧਾਰ ਦਸਦਿਆਂ ਗੁਰੂ

ਸਾਹਿਬ ਦਾ ਫੁਰਮਾਨ ਹੈ:

· ਤੁ ਸੰਗਤ ਕਉ ਦੇਤ ਚਬੀਨੀ॥ ਜਿਸ ਤੇ ਤ੍ਰਿਪਤ ਹੋਇ ਹੈ ਝੀਨੀ॥

ਰਾਗੀ ਆਣ ਪ੍ਰਸਾਦ ਛਕਾਯੋ॥ ਬਡ ਭਾਗਨ ਦੇ ਬਹੁ ਤ੍ਰਿਪਤਾਯੋ॥

ਇਨ ਪਰ ਗੁਰ ਕੀ ਖੁਸ਼ੀ ਉਚਾਰਾ॥ ਕਲਿਯੁਗੁ ਕੀਰਤਨੁ ਨਾਮ ਆਧਾਰਾ॥

ਗੁਰੂ ਗੋਬਿੰਦ ਸਿੰਘ ਖੁਦ ਮਹਾਨ ਸੰਗੀਤਕਾਰ ਸਨ। ਦਸਮ ਗ੍ਰੰਥ ਵਿੱਚ ਆਪਦੀ ਬਾਣੀ 19 ਰਾਗਾਂ ਅਧੀਨ ਦਰਜ ਹੈ। ਆਪ ਨੇ ਸ੍ਰੀ ਆਨੰਦਪੁਰ ਸਾਹਿਬ ਵਿਖੇ ਸਿੱਖੀ ਕੇਂਦਰ ਸਥਾਪਤ ਕਰਦੇ ਹੋਏ ਸ਼ਬਦ ਕੀਰਤਨ ਦਾ ਪ੍ਰਵਾਹ ਚਲਾਇਆ। ਇਥੇ ਸਵੇਰੇ ਸ਼ਾਮ ਰਬਾਬੀ ਅਤੇ ਰਾਗੀ ਕੀਰਤਨਕਾਰ ਸ਼ਬਦ ਕੀਰਤਾਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਦੇ ਸਨ। ਆਪ ਦੇ ਦਰਬਾਰ ਵਿਚ ਰਬਾਬੀ ਸੱਦੂਅਤੇ ਮੱਦੂਦੋਵੇਂ ਭਰਾ ਆਸਾ ਦੀ ਵਾਰ ਦਾ ਕੀਰਤਨ ਕਰਦੇ ਸਨ। ਇਸ ਸਬੰਧੀ ਗੁਰਪ੍ਰਤਾਪ ਸੂਰਜ ਗ੍ਰੰਥ ਵਿੱਚ ਦਰਜ ਹੈ:

· ਸੱਦੂਮੱਦੂਆਸਾ ਵਾਰ।

ਕੀਰਤਨ ਕਰੈ ਰਾਗ ਸੁਧਾਰ।

· ਸੱਦੂਮੱਦੂਦੋਨਹੁ ਭ੍ਰਾਤਾ।

ਗਾਵੈ ਰਾਗ ਸੁਰਕੇ ਗਿਯਾਤਾ।

ਕਰੀ ਬਿਲਾਵਲ ਚੌਕੀ ਚਾਰ।

ਭੋਗ ਪਾਇ ਅਰਦਾਸ ਉਚਾਰ।

ਪ੍ਰੋਫੈਸਰ ਤਾਰਾ ਸਿੰਘ ਅਨੁਸਾਰ, ਹਿੰਦੁਸਤਾਨੀ ਸੰਗੀਤ ਦੀ ਸ਼ਾਸਤਰੀ ਅੰਗ ਤੋਂ 'ਖ਼ਿਆਲ' ਸ਼ੈਲੀ ਦਾ ਪਹਿਲਾ ਪ੍ਰਯੋਗ ਗੁਰੂਗੋਬਿੰਦ ਸਿੰਘ ਜੀ ਦੁਆਰਾ 'ਖ਼ਿਆਲ ਪਾਤਸਾਹੀ 10' ਦੇ ਸਿਰਲੇਖ ਨਾਲ ਹੋਇਆ।

· ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾ ਦਾ ਕਹਿਣਾ।

ਗੁਰਮਤਿ ਸੰਗੀਤ ਦੀ ਕੀਰਤਨ ਚੌਕੀ ਪਰੰਪਰਾ ਵਿਚ ਯੋਗਦਾਨ ਪਾਉਣ ਵਾਲੇ ਸਮੂਹ ਗੁਰੂਸਾਹਿਬਾਨ ਨੇ ਸੰਗੀਤ ਦੀ ਦ੍ਰਿਸ਼ਟੀ ਤੋਂ ਬਾਣੀ, ਰਾਗ, ਰਾਗ ਪ੍ਰਯੋਗ, ਵਿਭਿੰਨ ਕੀਰਤਨ ਰੂਪ, ਕੀਰਤਨ ਕੇਂਦਰ, ਕੀਰਤਨਕਾਰ, ਸਾਜ਼ ਆਦਿ ਦੇ ਵਿਕਾਸ ਵਿੱਚ ਵਡੇਰਾ ਯੋਗਾਨ ਪਾਇਆ। ਗੁਰਮਤਿ ਸੰਗੀਤ ਨੂੰ ਪ੍ਰਮਾਣਿਕ ਤੇ ਸਥਾਪਿਤ ਰੂਪ ਪ੍ਰਦਾਨ ਕਰਨ ਲਈ ਗੁਰੂ ਸਾਹਿਬਾਨ ਨੇ ਕੀਰਤਨ ਚੌਕੀ ਪਰੰਪਰਾ ਨੂੰ ਸਿੱਖੀ ਜੀਵਨ ਦੀ ਸੰਗਤੀ ਤੇ ਵਿਅਕਤੀਗਤ ਪਰੰਪਰਾ ਦਾ ਅਨਿੱਖੜ ਅੰਗ ਬਣਾਇਆ।

**ਸੰਦਰਭ ਸ੍ਰੋਤ**


1. ਸ੍ਰੀ ਗੁਰੂਗ੍ਰੰਥ ਸਾਹਿਬ ਜੀ
2. ਵਾਰਾਂ, ਭਾਈ ਗੁਰਦਾਸ ਜੀ
3. ਗੁਰ ਸ਼ਬਦ ਰਤਨਾਕਰ ਮਹਾਨ ਕੋਸ਼
4. ਪੰਥ ਪ੍ਰਕਾਸ਼
5. ਗੁਰ ਪ੍ਰਤਾਪ ਸੁਰਜ ਗ੍ਰੰਥ
6. ਗੁਰਬਿਲਾਸ ਪਾਤਸ਼ਾਹੀ ਛੇਵੀਂ
7. ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ
8. ਸ੍ਰੀ ਗੁਰੂਗ੍ਰੰਥ ਸਾਹਿਬ ਰਾਗ ਰਤਨਾਵਲੀ
9. ਗੁਰਮਤਿ ਸੰਗੀਤ: ਕੀਰਤਨੀ ਆਸਾ ਦੀ ਵਾਰ
10. ਗੁਰਮਤਿ ਸੰਗੀਤ: ਪੜਤਾਲ ਸ਼ਬਦ ਗਾਇਨ



**ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ**

# ਗੁਰੂ ਅਮਰਦਾਸ ਜੀ ਦੀ ਬਾਣੀ ਵਿਚ ਇੰਦਰਿਆਵੀ ਬਿੰਬ

ਡਾ. ਜਸਕਿਰਨ ਕੌਰ

ਗੁਰੂ ਅਮਰਦਾਸ ਜੀ ਬਾਰੇ ਗੁਰੂ ਘਰ ਦੇ ਰਾਗੀ ਸਿੰਘਾਂ 'ਰਾਇ ਬਲਵੰਡਿ ਤਥਾ ਸਤੈ ਡੂਮਿ' ਨੇ 'ਪਰਬਤੁ ਮੇਰਾਣੁ' ਆਖ ਕੇ, ਉਹਨਾਂ ਦੀ ਮਹਾਨ ਸ਼ਖ਼ਸੀਅਤ ਵੱਲ ਸੰਕੇਤ ਕਰ ਦਿੱਤਾ ਹੈ, ਭਾਵ ਗੁਰੂ ਅਮਰਦਾਸ ਜੀ ਵਿਸ਼ੇ-ਵਿਕਾਰਾਂ ਤੇ ਸੰਸਾਰੀ ਮੋਹ ਮਾਇਆ ਦੇ 'ਝਖੜਿ' ਵਿਚ ਡੋਲਣ ਵਾਲੇ ਨਹੀਂ, ਉਹ ਮੇਗਣ ਪਰਬਤ ਵਾਂਗ ਅਡੋਲ ਸਨ।[1] ਤੀਜੇ ਗੁਰੂ ਅਮਰਦਾਸ ਜੀ ਦਾ ਜਨਮ ਬਾਸਰਕੇ ਗਿੱਲਾਂ ਪਿੰਡ ਵਿਚ ਹੋਇਆ। ਇਹ ਪਿੰਡ ਸ਼ਹਿਰ ਅੰਮ੍ਰਿਤਸਰ ਤੋਂ ਪੰਜ ਕੁ ਮੀਲ ਦੀ ਦੂਰੀ 'ਤੇ ਲਹਿੰਦੇ ਵੱਲ ਸਥਿਤ ਹੈ। ਛੇਹਰਟਾ ਸਾਹਿਬ ਗੁਰਦੁਆਰਾ ਇਸ ਪਿੰਡ ਤੋਂ ਦੱਖਣ ਦਿਸ਼ਾ ਵੱਲ ਸਥਿਤ ਹੈ। ਆਪ ਦੇ ਪਿਤਾ ਬਾਬਾ ਤੇਜਭਾਨ ਜੀ ਭੱਲਾ-ਵੰਸ਼ ਦੇ ਖੱਤਰੀ ਸਨ। ਭਾਵੇਂ ਆਪ ਬਾਸਰਕੇ ਹੱਟੀ ਅਤੇ ਵਪਾਰ ਕਰਦੇ ਸਨ, ਪਰ ਉਹਨਾਂ ਦੀ ਕੁਝ ਜ਼ਮੀਨ ਵੀ ਸੀ ਜਿਸ ਉੱਤੇ ਬਾਬਾ ਤੇਜਭਾਨ ਜੀ ਵਾਹੀ ਕਰਵਾਉਂਦੇ ਸਨ। ਸਤਿਗੁਰੂ ਅਮਰਦਾਸ ਜੀ ਦਾ ਜਨਮ ਵੈਸਾਖ ਸੁਦੀ 14 ਸੰਮਤ 1536 ਬਿ. (10 ਜੇਠ 1536 ਮੁਤਾਬਕ 6 ਮਈ 1979 ਈ:) ਨੂੰ ਮਾਤਾ ਸੁਲੱਖਣੀ (ਲੱਛਮੀ) ਦੀ ਕੁੱਖੋਂ ਹੋਇਆ। ਗੁਰੂ ਜੀ ਚੋਹਾਂ ਭਰਾਵਾਂ ਵਿਚੋਂ ਸਭ ਤੋਂ ਵੱਡੇ ਸਨ। ਦੂਜੇ ਭਾਈ ਈਸ਼ਰ ਦਾਸ ਜੀ ਸਨ, ਜਿਹਨਾਂ ਦੇ ਸਪੁੱਤਰ ਭਾਈ ਗੁਰਦਾਸ ਜੀ ਸਨ। ਤੀਜੇ ਬਾਬਾ ਖੇਮ ਰਾਇ ਸਨ, ਜਿਹਨਾਂ ਦੇ ਸਪੁੱਤਰ ਬਾਬਾ ਸਾਵਨ ਮਲ ਜੀ ਸਨ। ਚੌਥੇ ਭਾਈ ਸਾਵਣਨ ਚੰਦ ਸਨ, ਜਿਹਨਾਂ ਦੇ ਸਪੁੱਤਰ ਬਾਬਾ ਜੱਸੂ ਜੀ ਨਾਲ ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਬੀਬੀ ਅਮਰੋ ਦਾ ਵਿਆਹ ਹੋਇਆ।[2] ਵੈਸ਼ਣਣ ਪਰਿਵਾਰ ਦੇ ਸੰਸਕਾਰਾਂ ਅਧੀਨ ਆਪ ਨੇ ਮਨੁੱਖੀ ਜੀਵਨ ਦੇ ਪਹਿਲੇ ਇਕਾਠ ਸਾਲ ਦੇਵੀ ਦੇਵਤਿਆਂ ਦੀ ਪੂਜਾ, ਪੁਰਾਣਾਂ ਦੇ ਪਠਨ-ਪਾਠਨ ਅਤੇ ਤੀਰਥਾਂ ਦੀ ਯਾਤਰਾ ਵਿਚ ਗੁਜ਼ਾਰੇ। ਇੰਨਾ ਕੁਝ ਕਰਨ ਉਪਰੰਤ ਵੀ ਆਪ ਦਾ ਮਨ ਸਥਿਰ ਨਹੀਂ ਹੋ ਸਕਿਆ । 1540 ਈ: ਵਿਚ ਦੂਜੇ ਪਾਤਸ਼ਾਹ ਗੁਰੂ ਅੰਗਦ ਦੇਵ ਜੀ ਨਾਲ ਖਡੂਰ (ਸਾਹਿਬ) ਵਿਖੇ ਆਪ ਦੀ ਮੁਲਾਕਾਤ ਹੋਈ। ਇਸ ਸੰਜੋਗੀ ਮੇਲ ਨੇ ਆਪ ਦੇ ਜੀਵਨ ਨੂੰ ਪਲਟਾ ਦਿੱਤਾ। ਆਪਣਾ ਕਾਰ-ਵਿਹਾਰ ਤਿਆਗ ਕੇ, ਨਿਸ਼ਕਾਮ ਸੇਵਾ ਵਿਚ ਜੁੜ੍ਹ ਕੇ, ਦ੍ਰਿੜ ਵਿਸ਼ਵਾਸ਼ ਨਾਲ ਭਾਈ ਅਮਰਦਾਸ ਨੇ ਅਗਲੇ ਬਾਰ੍ਹਾਂ ਸਾਲ ਗੁਰ-ਚਰਨਾਂ ਵਿਚ ਬਿਤਾਏ।ਇਸ ਕਰੜੀ ਘਾਲ ਦੇ ਫਲਸਰੂਪ ਆਪ ਨੂੰ ਗੁਰਿਆਈ ਪ੍ਰਾਪਤ ਹੋਈ। ਮਾਰਚ 29,1552 ਤੋਂ ਸਤੰਬਰ 1, 1574 ਤੱਕ ਸਿੱਖ ਧਰਮ ਕੇ ਤੀਜੇ ਗੁਰੂ ਦੇ ਰੂਪ ਵਿਚ ਆਪ ਨੇ ਨਾਨਕ-ਨਾਮ ਲੇਵਾ ਜਨ-ਸਮੂਹ ਦੀ ਅਗਵਾਈ ਕੀਤੀ। ਆਪ ਦੁਆਰਾ ਰਚੀ ਗਈ ਬਾਣੀ 18 ਰਾਗਾਂ ਵਿਚ ਵਿਦਮਾਨ ਹੈ। ਡਾਕਟਰ ਤਾਰਨ ਸਿੰਘ ਨੇ ਗੁਰੂ ਅਮਰਦਾਸ ਜੀ ਦੀ ਸਮੁੱਚੀ ਬਾਣੀ ਨੂੰ ਦ੍ਰਿਸ਼ਟੀਗੋਚਰ ਕਰ ਕੇ ਲਿਖਿਆ ਹੈ ਕਿ 'ਸਾਰੇ ਗੁਰੂ ਸਾਹਿਬਾਨ ਦੇ ਸਾਂਝੇ ਵਿਸ਼ੇ, ਪਾਰਬ੍ਰਹਮ, ਆਤਮ, ਪ੍ਰਿਵ੍ਰਿਤੀ, ਗੁਰੂ ਨਾਮ, ਮਨ, ਸਦਾਚਾਰ ਤੇ ਜੀਵਨ ਜੁਗਤ ਹੀ ਹਨ। ਗੁਰੂਅਮਰਦਾਸ ਜੀ ਦੀ ਰਚਨਾ ਵਿਚ ਵੀ ਇਹਵਿਸ਼ੇ ਤਾਣੇ ਪੇਟੇ ਦੀ ਤਰ੍ਹਾਂ ਗੜੁੱਪ ਹਨ ਤੇ ਇਨ੍ਹਾਂ ਬਾਰੇ ਆਪ ਦੇ ਬੁਨਿਆਦੀ ਵਿਸ਼ਵਾਸ਼ ਤੇ ਸਿਧਾਂਤ ਉਹ ਹੀ ਹਨ ਜੋ ਗੁਰੂ ਨਾਨਕ ਸਾਹਿਬ ਤੇ ਹੋਰ ਗੁਰੂਆਂ ਦੇ ਹਨ।[3]

ਕਾਵਿ ਰਚਨਾ ਦੇ ਦੋ ਪ੍ਰਮੁੱਖ ਤੱਤ ਅਨੁਭੂਤੀ ਅਤੇ ਅਭਿਵਿਅਕਤੀ ਹਨ। ਪਹਿਲੇ ਤੱਤ ਦਾ ਸੰਬੰਧ ਭਾਵ ਪੱਖ ਨਾਲ ਹੈ ਅਤੇ ਦੂਜੇ ਦਾ ਕਲਾ ਪੱਖ ਨਾਲ।[4] ਮਨੁੱਖ ਦੀ ਵਿਚਾਰ ਅਭਿਵਿਅਕਤੀ ਦਾ ਜ਼ਰੂਰੀ ਸਾਧਨ ਭਾਸ਼ਾ ਹੈ। ਪਰ ਮਨੁੱਖੀ ਮਨੋਭਾਵਾਂ ਤੇਅਨੁਭਵਾਂ ਦੀ ਸੂਖਮਤਾ ਗਹਿਰ ਗੰਭੀਰ ਹੈ। ਮਨੁੱਖ ਦੇ ਅਧਿਆਤਮਕ ਅਨੁਭਵ ਕਥਨ ਅਤੇ ਸ਼ਬਦ ਤੇ ਆਧਾਰਿਤ ਹੁੰਦੇ ਹਨ। ਇਸਨੂੰ ਸਾਕਾਰ ਕਰਨ ਲਈ ਬਿੰਬ ਹੀ ਇਕ ਸਫਲ ਮਾਧਿਅਮ ਹੈ। ਅਧਿਆਤਮਿਕ ਕਾਵ ਵਿਚ ਬਿੰਬ-ਪ੍ਰਤੀਕ ਪ੍ਰਯੋਗ ਦਾ ਉਦੇਸ਼ ਸੂਖਮ ਭਾਵਾਂ ਨੂੰ ਮੂਰਤ ਰੂਪ ਪ੍ਰਦਾਨ ਕਰਨ ਅਤੇ ਭਾਵਾਂ ਦੇ ਸਪੱਸ਼ਟੀਕਰਣ ਦੇ ਪੱਖੋਂ ਸਰਬ ਕਾਲਕ ਪ੍ਰਭਾਵ ਦਾ ਲਖਾਇਕ ਹੈ। ਬਿੰਬਾਵਲੀ ਦੇ ਮਹੱਤਵ ਦੇ ਪ੍ਰਗਟਾਂਦਿਆਂ ਹਰਬਰਟ ਰੀਡ ਨੇ ਕਿਹਾ ਸੀ ਕਿ ਵਾਰਤਕ ਦਾ ਬਿੰਬਾਵਲੀ ਦੇ ਬਿਨਾਂ ਸਰ ਸਕਦਾ ਹੈ, ਪਰ ਕਵੀ ਲਈ ਵਾਠਕ ਦੇ ਮਨ ਵਿਚ ਬਿੰਬ ਉਤਪੰਨ ਕਰਨਾ ਅਤਿਅੰਤ ਜ਼ਰੂਰੀ ਹੈ।ਸਾਹਿਤ, ਵਿਸ਼ੇਸ਼ ਕਰਕੇ ਕਵਿਤਾ ਵਿਚ ਵਿਵੇਕ ਨੂੰ ਤਿਆਗਿਆ ਜਾ ਸਕਦਾ ਹੈ, ਪਰ ਕਵਿਤਾ ਆਪਣੇ ਸੁਭਾ ਸਦਾ ਬਿੰਬ ਨੂੰ ਨਹੀਂ ਛੱਡ ਸਕਦੀ।[5] ਇਸੇ ਕਰਕੇ ਵਿਦਵਾਨਾਂ ਨੇ ਕਾਵਿ-ਬਣਤਰ ਵਿਚ ਬਿੰਬ ਨੂੰ ਇਕ ਪ੍ਰਮੁੱਖ ਤੱਤ ਮੰਨਿਆ ਹੈ।

ਗੁਰੂ ਅਮਰਦਾਸ ਜੀ ਦੀ ਬਾਦੀ ਰਹੱਸਵਾਦੀ ਅਭਿਵਿਅੰਜਨਾ ਦਾ ਕਲਾ ਪੂਰਨ ਰੂਪ ਹੈ। ਉਨ੍ਹਾਂ ਨੇ ਆਪਣੇ

ਸੂਖਮ ਅਨੁਭਵ ਦੀ ਅਭਿਵਿਅਕਤੀ ਲਈ ਜੋ ਸ਼ਬਦ-ਵਿਧਾਨ ਰਚਿਆ ਹੈ, ਉਸ ਵਿਚ ਬਿੰਬ ਅਤੇ ਪ੍ਰਤੀਕ ਸਹਿਜੇ ਹੀ ਆ ਜੁੜੇ ਹਨ। ਇਲਾਹੀ ਅਵਸਥਾ ਵਿਚ ਜੋ ਵਾਕ ਉਚਾਰੇ ਜਾਂਦੇ ਹਨ, ਉਹ ਉੱਤਮ ਅਤੇ ਉਦੱਤ ਕਾਵਿ ਦਾ ਦਰਜਾ ਰੱਖਦੇ ਹਨ ਅਤੇ ਬਿੰਬ ਪ੍ਰਯੋਗ ਜ਼ਰੂਰੀ ਅਤੇ ਸਹਿਜ ਸੁਪਾਵਕ ਪ੍ਰਕਿਰਿਆ ਹੈ, ਜੋ ਉਂਭ੍ਹਾਂ ਦੀ ਅਭਿਵਿਅਕਤੀ ਵਿਚਰੂਪਮਾਨ ਹੋ ਜਾਂਦੀਹੈ। ਬਿੰਬ ਬੜਾ ਵਿਆਪਕ ਅਤੇ ਵਿਸ਼ਾਲ ਅਰਥਾਂ ਦਾ ਧਾਰਨੀ ਸ਼ਬਦ ਹੈ। ਬਿੰਬ ਲਈ ਅੰਗਰੇਜ਼ੀ ਭਾਸ਼ਾ ਵਿਚ ਇਮੇਜ (Image) ਸ਼ਬਦ ਵਰਤਿਆ ਜਾਂਦਾ ਹੈ। ਇਸ ਲਈ ਛਾਇਆ ਦਾ ਅਕਸ, ਪ੍ਰਤੀਬਿੰਬ ਅਤੇ ਪ੍ਰਤਿਮੂਰਤਿ ਦੇ ਸ਼ਬਦ ਵੀ ਪ੍ਰਚਲਿਤ ਹਨ, ਇਸ ਨੂੰ ਕਿਸੇ ਪਦਾਰਥ ਦੇ ਪਰਤੱਖੀਕਰਣ ਮੂਰਤੀਕਰਣ ਅਤੇ ਕਿਸੇ ਨਾਮੂਰਤ ਜਾਂ ਅਰੂਪ ਭਾਵ ਨੂੰ ਸਾਕਾਰ ਅਤੇ ਰੂਪਮਾਨ ਕਰਨ ਲਈ ਵੀ ਵਰਤਿਆ ਜਾਂਦਾ ਹੈ।

ਗੁਰੂ ਅਮਰਦਾਸ ਬਾਣੀ ਵਿਚ ਵਰਤੇ ਬਿੰਬਾਂ ਦਾ ਖੇਤਰ ਵਿਸ਼ਾਲ ਹੈ। ਉਨ੍ਹਾਂ ਦੀ ਬਾਣੀ ਵਿਚਅਨੇਕ ਬਿੰਬ ਅਜਿਹੇ ਹਨ ਜੋ ਪ੍ਰਕਿਰਤੀ ਵਿਚੋਂ ਲਏ ਗਏ ਹਨ ਕਈ ਬਿੰਬ ਸਮਾਜਿਕ ਰਾਜਨੀਤਿਕ ਅਤੇ ਧਾਰਮਿਕ ਜੀਵਨ ਵਿਚੋਂ ਲਏ ਗਏ ਹਨ। ਮਿਥਿਹਾਸਕ ਬਿੰਬ ਵੀ ਵਰਤੇ ਗਏ ਹਨ। ਇਹ ਸਾਰੇ ਬਿੰਬ ਵੱਖ ਵੱਖ ਸ਼ਬਦਾਂ ਖੇਤਰਾਂ (paradigms) ਨਾਲ ਸੰਬੰਧਿਤ ਹਨ। ਦੂਜੀ ਪ੍ਰਕਾਰ ਦੇ ਬਿੰਬ ਜਿਹੜੇ ਹਿੰਦਰੀਆਂ ਦੀ ਅਨੁਭੂਤੀ ਨਾਲ ਸੰਬੰਧ ਰੱਖਦੇ ਹਨ,ਮਨੋਵਿਗਿਅਹਨਕ ਖੇਤਰ ਵਿਚ ਆਉਂਦੇ ਹਨ। ਇੰਦਰਿਆਵੀ ਬੋਧ ਵੇਖਣ ਨਾਲ, ਸੁਣਨ ਨਾਲ, ਛੂਹਣ ਨਾਲ, ਚੱਖਣ ਨਾਲ ਜਾਂ ਸੁੰਘਣ ਨਾਲ ਸੰਬੰਧ ਰੱਖਦਾ ਹੈ। ਕਵੀ ਵਿਚਾਰ ਜਾਂ ਭਾਵ ਨੂੰ ਮੂਰਤੀਮਾਨ ਕਰਨ ਲਈ ਇਨ੍ਹਾਂ ਵਿਚੋਂ ਕਿਸੇ ਇਕ ਜਾਂ ਇਕ ਤੋਂ ਵਧੀਕ ਇੰਦਰੀਆਂ ਦਾ ਬੋਧ ਮਹਿਸੂਸ ਕਰਦਾ ਹੈ ਅਤੇ ਫਿਰ ਕਵਿਤਾ ਰਾਹੀਂ ਪਾਠਕਾਂ ਨੂੰ ਕਰਵਾਉਂਦਾ ਹੈ। ਪੰਜ ਗਿਆਨ ਇੰਦਰੀਆਂ ਦੇ ਆਧਾਰ ਤੇ ਬਿੰਬ ਦੇ ਵੀ ਪੰਜ ਭੇਦ ਕੀਤੇ ਗਏ ਹਨ। 1.ਦ੍ਰਿਸ਼ ਜਾਂ ਰੂਪ ਬਿੰਬ 2. ਨਾਦ ਜਾਂ ਸ਼ਬਦ ਬਿੰਬ 3. ਗੰਧ ਬਿੰਬ 4. ਰਸ ਜਾਂ ਸੁਆਦ ਆਧਾਰਿਤ ਬਿੰਬ 5. ਸਪਰਸ਼ ਬਿੰਬ। ਗੁਰੂ ਅਮਰਦਾਸ ਜੀ ਦੀ ਬਾਣੀ ਵਿਚੋ਼ ਇੰਦਰਾਵੀ ਬਿੰਬਾਂ ਦੀ ਵਰਤੋਂ ਇਸ ਪ੍ਰਕਾਰ ਕੀਤੀ ਗਈ ਹੈ।

1. ਦ੍ਰਿਸ਼ ਜਾਂ ਰੂਪ ਬਿੰਬ:- ਰੂਪ ਬਿੰਬ ਦਾ ਦ੍ਰਿਸ਼-ਇੰਦਰੀ ਨਾਲ ਅਨਿਖੜ ਸੰਬੰਧ ਹੈ। ਕਵੀ ਇਕ ਚਿਜਤਰਕਾਰ ਵਾਂਗ ਸ਼ਬਦਾਂ ਰਾਹੀਂ ਕੋਈ ਤਸਵੀਰ ਹੀ ਨਹੀਂ ਬਣਾਂਦਾ ਸਗੋਂ ਉਸ ਰਾਹੀਂ ਆਪਣੇ ਅਨੁਭਵ ਦਾ ਸੰਚਾਰ ਕਰਦਾ ਹੈ। ਗੁਰੂ ਅਮਰਦਾਸ ਜੀ ਦੀ ਬਾਣੀ ਵਿਚੋਂ ਰੂਪ-ਬਿੰਬ ਦੀਆਂ ਉਦਾਹਰਣਾਂ ਵੇਖੋ:

(ੳ) ਇਹ ਜਗੁ ਹਰਿਆ ਸਤਿਗੁਰ ਭਾਏ ॥
ਫਲ ਫੂਲ ਲਾਗੇਜਾਂ ਆਪੇ ਲਾਏ ॥[6]

(ਅ) ਬਸੰਤ ਚੜਿਆ ਫੂਲੀ ਬਨਰਾਇ ॥
ਏਹਿ ਜੀਅ ਜੰਤ ਫੂਲਹਿ ਹਰਿ ਚਿਤੁ ਲਾਇ ॥[7]

ਉਹ ਪ੍ਰਭੂ-ਪ੍ਰੀਤਮ ਦ ਪਿਆਰ ਵਿਚ ਮਗਨ ਹੋਣ ਦੀ ਭਾਵਨਾ ਨੂੰ ਬਸੰਤ ਰੁੱਤ ਦੇ ਖਿੜ੍ਹੇ ਹੋਏ ਮੌਸਮ ਰਾਹੀਂ ਪ੍ਰਗਟਾਇਆ ਗਿਆ ਹੈ। ਜੀਵ ਜਦੋਂ ਗੁਰੂ ਦੇ ਪਿਆਰ ਵਿਚ ਮਗਨ ਹੁੰਦਾ ਹੈ ਤਾਂ ਉਸ ਸਮੇਂ ਉਸਦਾ ਆਤਮਕ ਜੀਵਨ ਹਰਾ ਭਰਾ ਹੋ ਜਾਂਦਾ ਹੈ।

(ੲ) ਖੇਤਿ ਸਿਆਲਾ ਉਚੀਆ ਫਰੁ ਉਚਾ ਨਿਰਣਉ ॥
ਮਹਲ ਭਗਤੀ ਘਰਿ ਸਰੈ ਸਜਣ ਪਾਹੁਣਿਅਉ ॥[8]

ਕਿਸਾਨ ਬੱਦਲਾਂ ਨੂੰ ਵੇਖ ਕੇ ਖੇਤ ਦੀਆਂ ਵੱਟਾਂ ਉਚੀਆਂ ਕਰਦਾ ਹੈ ਤਾਂ ਜੋ ਮੀਂਹ ਦਾ ਪਾਣੀ ਵਿਚ ਠਹਿਰ ਸਕੇ ਇਸੇ ਤਰ੍ਹਾਂ ਜੀਵ ਰੂਪੀ ਇਸਤਰੀ ਮਨ-ਖੇਤ ਵਿਚ ਸ਼ਰਧਾ ਰੂਪੀ ਵੱਟਾਂ ਉਚੀਆਂ ਕਰਦੀ ਹੈ। ਬਿਰਹਨ ਇਸਤਰੀ ਦੇ ਮਨ ਰੂਪੀ ਘਰ ਨੂੰ ਜਦ ਭਗਤੀ ਦਾ ਰੰਗ ਚੜ੍ਹਦਾ ਹੈ ਤਾਂ ਪਿਆਰਾ ਪ੍ਰੀਤਮ ਪ੍ਰਾਹੁਣਾ ਬਣ ਕੇ ਅੰਦਰ ਆਉਂਦਾ ਹੈ।

(ਸ) ਹੰਸਾ ਵੇਖਿ ਤਰੰਦਿਆਂ ਬਗਾਂ ਭਿ ਆਯਾ ਚਾਉ ॥
ਡੁਬਿ ਮੁਏ ਬਰਾ ਬਪੁੜੇ ਸਿਰੁ ਤਲਿ ਉਪਰਿ ਪਾਉ ॥[9]

ਤਰਦੇ ਹੋਏ ਹੰਸਾ ਨੂੰ ਵੇਖ ਕੇ ਕੰਢੇ ਤੇ ਖੜੇ ਬਗਲਿਆਂ ਨੂੰ ਵੀ ਉਤੇਜਨਾ ਹੋਈ, ਜਿਸ ਕਰਕੇ ਉਹ ਵੀ ਤੈਰਨ ਲੱਗੇ, ਪਰ ਜਾਚ ਨਾ ਆਉਣ ਕਰਕੇ ਡੁੱਬ ਕੇ ਮਰ ਗਏ। ਉਂਭ੍ਹਾਂ ਦਾ ਸਿਰ ਥੱਲੇ ਤੇ ਲੱਤਾਂ ਉੱਪਰ ਵਿਖਾਈ ਦੇਣ ਲੱਗੀਆਂ। ਇਹ ਦਸ਼ਾ ਉਨ੍ਹਾਂ ਮਨਮੁਖਾਂ ਦੀ ਹੈ, ਜੋ ਗੁਰਮੁਖਾਂ ਵਾਂਗ ਸੰਸਾਰ ਸਾਗਰ ਨੂੰ ਤਰਨ ਦੀ ਵਿਧੀ ਨਾ ਜਾਣਦੇ

ਹੋਏ ਇਸ ਵਿਚ ਗਰਕ ਹੋ ਜਾਂਦੇ ਹਨ।

2. ਨਾਦ ਬਿੰਬ :- ਇੰਨ੍ਹਾਂ ਬਿੰਬਾਂ ਦਾ ਗ੍ਰਹਿਣ ਕੰਨ-ਇੰਦਰੀ ਦੁਆਰਾ ਹੁੰਦਾ ਹੈ। ਪ੍ਰਭੂ-ਪ੍ਰਤਮ ਦੇ ਮਿਲਾਪ ਦੀ ਅਵਸਥਾ ਨੂੰ ਵਸਦੀਆਂ ਹੋਈਆਂ ਕਈਆਂ ਦੀ ਮਿੱਠੀ ਆਵਾਜ਼ ਦੀ ਮਨੋ-ਖੁਸ਼ੀ ਰਾਹੀਂ ਇਨ੍ਹਾਂ ਪੰਕਤੀਆਂ ਵਿਚ ਬੋਧ ਕਰਾਇਆ ਹੈ :

(ੳ) ਆਪੁ ਪਛਾਣਹਿ ਪ੍ਰੀਤਮੁ ਮਿਲੈ ਵੁਠਾ ਛਹਿਬਰ ਲਾਇ ॥
ਝਿਮਿਝਿਮਿ ਅੰਮ੍ਰਿਤੁ ਵਰਸਦਾ ਤਿਸਨਾ ਭੁਖ ਸਭ ਜਾਇ ॥ [10]

ਗੁਰੂ ਦਾ ਮਿਲਾਪ ਅਨੁਪਮ ਖੁਸ਼ੀ ਦਾ ਅਵਸਰ ਹੈ। ਜਦੋਂ ਇਹ ਜਗਤ ਗੁਰੂ ਦੀ ਬਾਣੀ ਸੁਣਦਾ ਹੈ ਤਾਂ ਉਸ ਨਾਲ ਉਹਨਾਂ ਦਾ ਅਤਮਕ ਜੀਵਨ ਹਰਾ-ਭਰਾ ਹੋ ਜਾਂਦਾ ਹੈ । ਖੁਸ਼ੀ ਦੇ ਮੋਕਿਆਂ ਤੇ ਜਿਵੇਂ ਵਾਜੇ ਅਤੇ ਨਰਸਿੰਘੇ ਆਦਿ ਸਾਜ਼ ਵਜਾਏ ਜਾਂਦੇ ਹਨ, ਕੁਝ ਅਜਿਹਾ ਸੰਗੀਤ ਰਸ ਸੰਜੋਗ-ਅਵਸਥਾ ਤੇ ਹੁੰਦਾ ਹੈ।

(ਅ) ਸਤਿਗੁਰ ਬਾਣੀ ਸ਼ਬਦੁ ਸੁਣਾਏ ॥ ਇਹ ਜਗੁ ਹਰਿਆ ਸਤਿਗੁਰ ਭਾਏ ॥ 11

(ੲ) ਬਿਨਵੰਤਿ ਨਾਨਕ ਗੁਰ ਚਰਣ ਲਾਗੈ ॥ ਵਾਜੇ ਅਨਹਦ ਤੂਰੇ ॥ [12]

ਹਲਟ ਵੀ ਤੂੰ ਤੂੰ ਕਰ ਰਹੇ ਹਨ ਅਤੇ ਮਿੱਠੀ ਸੁਰ ਵਿਚ ਆਵਾਜ਼ ਕੱਢਦੇ ਹਨ। ਹੇ ਜੀਵ ਮਾਲਕ ਪ੍ਰਭੂ ਤਾਂ ਸਦਾ ਤੇਰੇ ਨਾਲ ਵੱਸਦਾ ਹੈ। ਇਸ ਲਈ ਲੋਕ-ਵਿਖਾਵੇ ਲਈ ਹਲਦ ਦੀ ਤਰ੍ਹਾਂ ਤੂੰ ਕਿਉਂ ਉੱਚੀ ਉੱਚੀ ਪੁਕਾਰਦਾ ਹੈ।

(ਸ) ਹਰਹਟ ਭੀ ਤੂੰ ਤੂੰ ਕਰਹਿ ਬੋਲਹਿ ਭਲੀ ਬਾਣਿ ॥
ਸਾਹਿਬ ਸਦਾ ਹਦੂਰਿ ਹੈ ਕਿਆ ਉਚੀ ਕਰਹਿ ਪੁਕਾਰ ॥ [13]

(ਹ) ਬਾਬੀਹਾ ਖਿਨੁ ਖਿਨੁ ਬਿਲਲਾਇ ॥ ਬਿਨੁ ਪਿਰ ਦੇਖੇ ਨੀਂਦ ਨ ਪਾਇ॥ [14]

ਹੇ ਜੀਵ ਇਸਤਰੀ ! ਪਪੀਹਾ ਵਰਖਾ ਦੀ ਬੂੰਦ ਵਾਸਤੇ ਹਰ ਖਿਨ ਤਰਲੇ ਲੈਂਦਾ ਹੈ। ਉਸੇ ਤਰ੍ਹਾਂ ਤੂੰ ਵੀ ਲੋਕ ਵਿਖਾਵਾ ਛੱਡ ਦੇ। ਕਿਉਂਕਿ ਪ੍ਰਭੂ-ਪਤੀ ਦਾ ਦਰਸ਼ਨ ਕਰਨ ਤ੍ਹੋ ਬਿਨਾਂ ਆਤਮਕ ਸ਼ਾਂਤੀ ਨਹੀ੍ ਮਿਲ ਸਕਦੀ।

(3) ਸਪਰਸ਼ ਬਿੰਬ- ਇਹ ਅਜਿਹੇ ਬਿੰਬ ਹਨ ਜੋ ਛੋਹ (ਸਪਰਸ਼) ਚੇਤਨਾ ਨਾਲ ਸੰਬੰਧ ਰੱਖਦੇ ਹਨ। ਸਤਿਗੁਰੂ ਦੇ ਮੇਲ ਨੂੰ ਸਰੀਰ ਦੀ ਠੰਡਕ ਦੇ ਬਿੰਬ ਦੁਆਰਾ ਅਨੁਭਵ ਕਰਾਇਆ ਹੈ:-

(ੳ) ਸਤਿਗੁਰ ਸੀਤਲ ਜੇ ਮਿਲੈ ਫਿਰਿ ਜਲੈ ਨ ਦੂਜੀ ਵਾਰ ॥
ਸਤਿਗੁਰ ਦਾਦਾਸੇਵੀਐਸਬਦੁ ਵਸੈ ਮਨਿ ਆਇ ॥
ਮਨੁ ਤਨੁ ਸੀਤਲੁ ਸਾਂਤਿ ਹੋਇ ਤ੍ਰਿਸ਼ਨਾ ਅਗਨਿ ਬੁਕਾਇ ॥ [15]

ਗੁਰੂ ਲਈ ਪਾਰਸ ਬੜਾ ਢੁੱਕਵਾਂ ਸਪਰਸ਼ ਬਿੰਬ ਵਰਤਿਆ ਗਿਆ ਹੈ। ਜਿਸ ਦੀ ਸੰਗਤ (ਛੋਹ) ਨਾਲ ਲੋਹੇ ਭਾਂਤੀ ਮਨੁੱਖ ਕੰਚਨ ਵਾਂਗ ਸ੍ਰੇਸ਼ਠ ਬਣ ਜਾਂਦੇ ਹਨ ਅਤੇ ਜਿਸ ਤੋਂ ਕਈ ਸੁਖਦਾਇਕ ਗੁਣ ਪ੍ਰਾਪਤ ਹੁੰਦੇ ਹਨ। ਇਸ ਭਾਵ ਦੀਆਂ ਪੰਕਤੀਆਂ ਇਹ ਹਨ:-

(ਅ) ਪਾਰਸਿ ਪਰਸੀਐ ਪਾਰਸੁ ਹੋਇ ਜੋਤੀ ਜੋਤਿ ਸਮਾਇ ॥
ਜਿਨ ਕਉ ਪੂਰਬਿ ਲਿਖਿਆ ਤਿਨ ਸਤਗੁਰੂ ਮਿਲਿਆ ਆਇ ॥ [16]

4. ਰਸ ਜਾਂ ਸੁਆਦ ਬਿੰਬ:- ਰਸ ਬਿੰਬ ਦਾ ਸੰਬੰਧ ਜੀਭ (ਰਸਨਾ) ਨਾਲ ਹੈ। ਉਸ ਪ੍ਰਭੂ ਪ੍ਰਮਾਤਮਾ ਦੇ ਸਿਮਰਨ ਦਾ ਸਵਾਦ ਸਦਾ ਹੀ ਮਿੱਠਾ ਹੈ ਅਤੇ ਇਹ ਸਵਾਦ ਬਾਅਦ ਵਿਚ ਕਦੀ ਵੀ ਫਿੱਕਾ ਨਹੀਂ ਹੁੰਦਾ। ਇਸ ਤੋਂ ਇਲਾਵਾ ਉਸ ਪ੍ਰਭੂ ਪ੍ਰਮਾਤਮਾ ਦਾ ਨਾਮ ਪੜ੍ਹਨ ਜਾਂ ਗਾਉਣ ਦੇ ਸਮੇਂ ਵੀ ਮਿਠਾਸ ਰਸ ਦੀ ਉਤਪਤੀ ਰਕਦਾ ਹੈ। ਇਸਦਾ ਅਨੁਭਵ ਗੁਰੂ ਸਾਹਿਬ ਆਪ ਇਨ੍ਹਾਂ ਪੰਕਤੀਆਂ ਵਿਚ ਕਰਾਉਂਦੇ ਹਨ :-

(ੳ) ਗੁਰਮੁਖਿ ਸਾਲਾਹਨਿ ਸੇਸਾਦੁ ਪਾਇਨਿ ਮੀਠਾ ਅੰਮ੍ਰਿਤ ਸਾਰੁ ॥
ਸਦਾ ਮੀਠਾ ਕਦੇ ਨ ਫੀਕਾ ਗੁਰਸਬਦੀ ਵੀਚਾਰੁ॥ [17]

(ਅ) ਪੀਵਹੁ ਅੰਮ੍ਰਿਤੁ ਸਦਾ ਰਹਹੁ ਹਰਿ ਰੰਗਿ ਜਪਿਹੁ ਸਾਰੰਗਪਾਣੀ॥
ਕਹੈ ਨਾਨਕ ਸਦਾ ਗਾਵਹੁ ਏਹੁ ਸਚੀ ਬਾਣੀ ॥ [18]

(ੲ) ਮਨ ਮੇਰੇ ਹਰਿ ਕਾ ਨਾਮ ਅਤਿ ਮੀਠਾ ॥ [19]

(ਸ) ਹਰਿ ਨਾਮੁ ਭੋਜਨ ਸਚੁ ਆਧਾਨਾ ॥ [20]

ਮਾਇਆ ਦੇ ਸਰ ਨੂੰ ਜ਼ਹਿਰਵਰਗੀ ਕੌਡੀ ਕਹਿ ਕੇ ਅੰਤਰੀਵ ਤੌਰ 'ਤੇ ਇਸਨੂੰ ਤਿਆਗਣ ਦੀ ਪੇਰਣਾ ਦਿੱਤੀ ਹੈ:-

(ਹ) ਅੰਮ੍ਰਿਤ ਛੋਡਿ ਬਿਖਿਆ ਲੋਭਾਣੇ ਸੇਵਾ ਕਰਹਿ ਵਿਡਾਣੀ ॥ [21]

5. ਗੰਧ ਬਿੰਬ :- ਅਜਿਹੇ ਬਿੰਬਾਂ ਦਾ ਬੋਧ ਸੁੰਘਣ ਇੰਦਰੀ (ਨੱਕ) ਰਾਹੀਂ ਹੁੰਦਾ ਹੈ। ਨਿਮਨਲਿਖਤ ਪੰਕਤੀ ਵਿਚ ਹਰੀ ਜਨਾਂ ਦੀ ਕੀਰਤੀ ਦਾ ਬੋਧ ਚੰਦਨ ਦੀ ਚਾਰੇ ਪਾਸੇ ਫੈਲਦੀ ਮਹਿਕ ਦੁਆਰਾ ਕਰਾਇਆ ਹੈ:-

(ੳ) ਚੰਦਨ ਗੰਧ ਸੁਗੰਧ ਹੈ ਬਹੁ ਬਾਸਨਾ ਬਹਕਾਰਿ ॥

ਹਰਿਜਨ ਕਰਣੀ ਊਤਮ ਹੈਹਰਿ ਕੀਰਤਿ ਜਗਿ ਬਿਸਥਾਰਿ ॥ [22]

ਫੁੱਲਾਂ ਦੀ ਬਗੀਚੀ ਵਿਚ ਮਹਿਕ ਤੋਂ ਕਿਸੇ ਫੁੱਲ ਦ ਚੰਗੇ ਮੰਦੇ ਹੋਣ ਦਾ ਪਤਾ ਲੱਗਦਾ ਹੈ। ਸੰਸਾਰ-ਵਾੜੀ ਵਿਚ ਮਨੁੱਖ ਦੀ ਚੰਗੀ ਮੰਦੀ ਕਰਨੀ ਤ੍ਰੋ ਉਸ ਦੇ ਗੁਣਾਂ ਅਓਗੁਣਾਂ ਦੀ ਸੁਗੰਧ ਦੁਰਗੰਧ ਦਾ ਅਨੁਮਾਨ ਹੁੰਦਾ ਹੈ।

(ਅ) ਇਹੁ ਜਗੁ ਵਾੜੀ ਮੇਰਾ ਪ੍ਰਊ ਮਾਲੀ ॥ ਸਦਾ ਸਮਾਲੇ ਕੋ ਨਾਹੀ਼ ਖਾਲੀ ॥

ਜੇਹੀ ਵਾਸ਼ਨਾ ਪਾਏ ਤੇਹੀ ਵਰਤੈ॥ ਵਾਸੂ ਵਾਸ ਜਣਾਣਿਆ ॥ [23]

ਉਕਤ ਸੰਖੇਪ ਸਰਵੇਖਣ ਤ੍ਰੋ ਗੁਰੂ ਅਮਰਦਾਸ ਜੀ ਦੀ ਕਾਵਿ-ਦ੍ਰਿਸ਼ਟੀ ਦੀ ਕਲਾ ਮਹਾਨਤਾ ਪੱਤੱਖ ਹੈ। ਗੁਰੂ ਸਾਹਿਬ ਜੀ ਦੀ ਬਾਣੀ ਬੜੀ ਸੰਵੇਦਨਸ਼ੀਲ ਕਾਵਿ-ਭੂਮੀ ਉੱਤੇ ਉਸਰੀ ਹੈ। ਗੁਰੂ ਸਾਹਿਬ ਦੇ ਬਿੰਬ ਵਿਸ਼ੇ ਦੀ ਗੰਭੀਰਤਾ ਨੂੰ ਵਧਾਉਂਦੇ ਹਨ, ਰਹਸਨੁਭੂਤੀ ਦੀਆਂ ਗਹਿਰਾਈਆਂ ਨੂੰ ਜਨ-ਜੀਵਨ ਨਾਲ ਸੰਬੰਧਿਤ ਕਰਕੇ ਸਪੱਸ਼ਟਤਾ ਪ੍ਰਦਾਨ ਕਰਦੇ ਹਨ ਅਤੇ ਕਾਵਿ-ਸੁਹਜ ਵਿਚ ਵਾਧਾ ਕਰਦੇਹਨ। ਜਿਥੇ ਆਪ ਰਹੱਸਵਾਦੀ, ਅਧਿਆਤਮਵਾਦੀ ਗੁਰੂ ਸਨ,ਉਥੇ ਆਪਣੀ ਅਨੁਭੂਤੀ ਅਤੇ ਗੁਰਮਤਿ ਦਾ ਸੰਚਾਰ ਕਲਾਮਈ ਢੰਗ ਨਾਲ ਕਰਨ ਵਾਲੇ ਉਚੱਤਮ ਕਵੀ ਵੀ ਸਨ।

**ਹਵਾਲੇ ਅਤੇ ਟਿੱਪਣੀਆਂ :**


1. ਝਖੜਿ ਵਾਉ ਨ ਡੋਲਈ ਪਰਬਤੁ ਮੇਰਾਣੁ॥ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ - 966
2. ਡਾ. ਕਾਲਾ ਸਿੰਘ ਬੇਦੀ, ਖੋਜ ਪਤ੍ਰਿਕਾ - ਗੁਰੂ ਅਮਰਦਾਸ ਵਿਸ਼ੇਸ਼ ਅੰਕ, ਪੰਨਾ 16
3. ਡਾ. ਤਾਰਨ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਹਿਤਕ ਇਤਿਹਾਸ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਪੰਨਾ 345
4. ਡਾ. ਕਰਨੈਨ ਸਿੰਘ ਥਿੰਦ, ਸਾਹਿਤ ਅਧਿਐਨ ਪ੍ਰਣਾਲੀਆਂ, ਪੰਨਾ 227
5. Art Noun - 122
6. ਸ੍ਰੀ ਗੁਰੂ ਗ੍ਰੰਥ ਸਾਹਿਬ - ਅੰਗ 1176
7. ਉਹੀ, ਅੰਗ - 1176
8. ਉਹੀ, ਅੰਗ - 517
9. ਉਹੀ, ਅੰਗ - 585
10. ਉਹੀ, ਅੰਗ - 1420
11. ਉਹੀ, ਅੰਗ - 1176
12. ਉਹੀ, ਅੰਗ - 922
13. ਉਹੀ, ਅੰਗ - 1413
14. ਉਹੀ, ਅੰਗ - 1262
15. ਉਹੀ, ਅੰਗ - 588
16. ਉਹੀ, ਅੰਗ - 27
17. ਉਹੀ, ਅੰਗ - 1333
18. ਉਹੀ, ਅੰਗ - 920
19. ਉਹੀ, ਅੰਗ - 1233
20. ਉਹੀ, ਅੰਗ - 1048
21. ਉਹੀ, ਅੰਗ - 31
22. ਉਹੀ, ਅੰਗ - 1260
23. ਉਹੀ, ਅੰਗ - 118



**ਲੁਧਿਆਣਾ, ਮੋਬਾ : 8567904416**

# ਰਾਗਸੋਰਠਿ

**ਨਰਿੰਦਰਜੀਤ ਕੌਰ**

| | |
|---|---|
| ਆਰੋਹ: | ਸਾਰੇ, ਮ ਪ, ਨੀਸਾਂ |
| ਅਵਰੋਹ: | ਸਾਂਰੇਂਨੁੀ ਧ, ਮ ਪ ਧ ਮ ́ਰੇਨੀਸਾ |
| ਮੁੱਖਅੰਗ: | ਸਾਰੇ, ਮ ਪ ਨੁੀ ਧ, ਪ ਧ ਮ ́ਰੇਨੀਸਾ |
| ਥਾਟ : | ਖਮਾਜ |
| ਵਾਦੀ-ਸੰਵਾਦੀ: | ਰਿਸ਼ਭ-ਧੈਵਤ |
| ਜਾਤੀ: | ਔੜਵ-ਸ਼ਾੜਵ |
| ਸਮਾਂ: | ਰਾਤਦਾਦੂਜਾਪਹਿਰ |
| ਵਰਜਿਤਸੁਰ: | ਆਰੋਹਵਿਚਗੰਧਾਰਅਤੇਧੈਵਤਵਰਜਿਤ |

| **ਸਥਾਈਸੋਰਠਿਤਲਵਾੜਾ** | | | | | | | |
|---|---|---|---|---|---|---|---|
| 1 | 2 | 3 | 4 | 5 | 6 | 7 | 8 |
| ਧਾ | -ਧਿੰ | -ਨ | ਧਾ | ਧਾਧਾ | ਧਾਤਿੰ | -ਨ | ਤਾ |
| | | | | ਨੀਸਾ | ਰੇਮ | (ਮ) | ਰੇ |
| | | | | **ਪ੍ਰਾ-** | **--** | **ਨੀ** | **-** |
| - | - | ਮ | ਮ | ਰੇ | - | ਨੀ | ਸਾ |
| **-** | **-** | **ਕਿਆ** | **ਮੇ** | **ਰਾ** | **-** | **ਕਿਆ** | **-** |
| (ਮ) | - | ਰੇ | - | - | - | ਮ | ਮ |
| **ਤੇ** | **-** | **ਰਾ** | **-** | **-** | **-** | **ਜੈ** | **ਸੇ** |
| ਪ | ਪ | ਪ | ਪ | - | ਪ | ਪ | ਧ |
| **ਤ** | **ਰ** | **ਵ** | **ਰ** | **-** | **ਪੰ** | **ਖਿ** | **ਬ** |
| (ਮ) | - | ਰੇ | - | | | | |
| **ਸੇ** | **-** | **ਰਾ** | **-** | | | | |

| ਅੰਤਰਾ - 1 | | | | ਸੋਰਠਿਤਲਵਾੜਾ | | | |
|---|---|---|---|---|---|---|---|
| 1 | 2 | 3 | 4 | 5 | 6 | 7 | 8 |
| ਧਾ | -ਧਿੰ | -ਨ | ਧਾ | ਧਾਧਾ | ਧਾਤਿੰ | -ਨ | ਤਾ |
| | | | | - | - | ਮਮ | ਮ |
| | | | | **-** | **-** | **ਜਲ** | **ਕੀ** |
| ਪ | - | -ਪ | - | - | -ਪ | ਪਪ | ਪਧ |
| **ਭੀ** | **-** | **-ਤਿ** | **-** | **-** | **-ਪ** | **ਵਨ** | **ਕਾ-** |
| (ਮ) | - | ਰੇ | - | - | - | - | - |
| **ਥੰ** | **-** | **ਭਾ** | **-** | **-** | **-** | **-** | **-** |
| - | - | ਰੇਮ | ਪ,ਨੀ | ਸਾਂ | ਸਾਂ | ਸਾਂ | ਰੇਂ |
| **-** | **-** | **ਰਕ** | **ਤ,ਬੂੰ** | **-** | **ਦ** | **ਕਾ** | **-** |
| ਨੀ | - | ਸਾਂ | - | - | - | ਮ | ਮ |
| **ਗਾ** | **-** | **ਰਾ** | **-** | **-** | **-** | **ਹਾ** | **ਡ** |
| ਪ | - | -ਪ | - | - | ਪ | ਪ | ਪਧ |
| **ਮਾ** | **-** | **-ਸ** | **-** | **-** | **ਨਾ** | **ੜੀ** | **ਕੋ-** |
| (ਮ) | - | ਰੇ | ਰੇ | - | - | - | - |
| **ਪਿੰ** | **-** | **ਜ** | **ਰੁ** | **-** | **-** | **-** | **-** |
| - | - | ਰੇਮ | ਪ,ਨੀ | ਸਾਂ | ਸਾਂ | ਸਾਂ | ਰੇਂ |
| **-** | **-** | **ਪੰ-** | **ਖੀ-** | **ਬ** | **ਸੈ** | **-** | **ਬਿ** |
| ਨੀ | - | ਸਾਂ | - | - | - | - | - |
| **ਚਾ** | **-** | **ਰਾ** | **-** | **-** | **-** | **-** | **-** |
| - | - | ਪ | ਧ | (ਮ) | ਮ | ਰੇ | ਰੇ |
| **-** | **-** | **ਪੰ** | **ਖੀ** | **ਬ** | **ਸੈ** | **-** | **ਬਿ** |
| (ਮ) | - | ਰੇ | - | ਨੀਸਾ | ਰੇਮ | (ਮ) | ਰੇ |
| **ਚਾ** | **-** | **ਰਾ** | **-** | **ਪ੍ਰਾ-** | **--** | **ਨੀ** | **-** |

**ਸੰਗੀਤ ਵਿਭਾਗ, ਦੇਵ ਸਮਾਜ ਕਾਲਜ, ਵੂਮੈਨ, ਫਿਰੋਜਪੁਰ**

# ਸੁਰਲਿਪੀ ਵਾਲੇ ਸ਼ਬਦ ਦੇ ਅਰਥ

**ਰਾਗੁ ਸੋਰਠਿ**

ਬਾਣੀ ਭਗਤ ਰਵਿਦਾਸ ਜੀ ਕੀ

ੴ ਸਤਿਗੁਰ ਪ੍ਰਸਾਦਿ ॥

ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੁੰਦ ਕਾ ਗਾਰਾ ॥

The body is a wall of water, supported by the pillars of air; the egg and sperm are the mortar.

ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ ॥੧॥

The framework is made up of bones, flesh and veins; the poor soul-bird dwells within it. ||1||

ਪ੍ਰਾਨੀ ਕਿਆ ਮੇਰਾ ਕਿਆ ਤੇਰਾ ॥

O mortal, what is mine, and what is yours?

ਜੈਸੇ ਤਰਵਰ ਪੰਖਿ ਬਸੇਰਾ ॥੧॥ ਰਹਾਉ ॥

The soul is like a bird perched upon a tree. ||1||Pause||

ਰਾਖਹੁ ਕੰਧ ਉਸਾਰਹੁ ਨੀਵਾਂ ॥

You lay the foundation and build the walls.

ਸਾਢੇ ਤੀਨਿ ਹਾਥ ਤੇਰੀ ਸੀਵਾਂ ॥੨॥

But in the end, three and a half cubits will be your measured space. ||2||

ਬੰਕੇ ਬਾਲ ਪਾਗ ਸਿਰਿ ਡੇਰੀ ॥

You make your hair beautiful, and wear a stylish turban on your head.

ਇਹੁ ਤਨੁ ਹੋਇਗੋ ਭਸਮ ਕੀ ਢੇਰੀ ॥੩॥

But in the end, this body shall be reduced to a pile of ashes. ||3||

ਊਚੇ ਮੰਦਰ ਸੁੰਦਰ ਨਾਰੀ ॥

Your palaces are lofty, and your brides are beautiful.

ਰਾਮ ਨਾਮ ਬਿਨੁ ਬਾਜੀ ਹਾਰੀ ॥੪॥

But without the Lord's Name, you shall lose the game entirely. ||4||

ਮੇਰੀ ਜਾਤਿ ਕਮੀਨੀ ਪਾਂਤਿ ਕਮੀਨੀ ਓਛਾ ਜਨਮੁ ਹਮਾਰਾ ॥

My social status is low, my ancestry is low, and my life is wretched.

ਤੁਮ ਸਰਨਾਗਤਿ ਰਾਜਾ ਰਾਮ ਚੰਦ ਕਹਿ ਰਵਿਦਾਸ ਚਮਾਰਾ ॥੫॥੬॥

I have come to Your Sanctuary, O Luminous Lord, my King; so says Ravi Daas, the shoemaker. ||5||6||

**Postal Regd. No. CH/0045/2015-2017 RNI Regd. No. 46788/89 ISSN 0972-2335**

